# ਬੇਰੁਜ਼ਗਾਰੀ ਬੀਮਾ
## ਲਾਭ

## ਤੁਹਾਨੂੰ ਕੀ ਜਾਣਨ ਦੀ ਲੋੜ ਹੈ

## ਇਹ ਪੁਸਤਿਕਾ ਮੁਹੱਈਆ ਕਰਦੀ ਹੈ:

- ਯੋਗਤਾ ਦੀਆਂ ਉਨ੍ਹਾਂ ਸ਼ਰਤਾਂ ਬਾਰੇ ਮਹੱਤਵਪੂਰਨ ਜਾਣਕਾਰੀ ਜੋ ਬੇਰੁਜ਼ਗਾਰੀ ਬੀਮਾ ਦੇ ਲਾਭ ਹਾਸਲ ਕਰਨ ਲਈ ਪੂਰੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ।
- ਬੇਰੁਜ਼ਗਾਰੀ ਬੀਮਾ ਦੇ ਜਾਰੀ ਲਾਭਾਂ ਨੂੰ ਪ੍ਰਮਾਣਿਤ ਕਰਨ ਲਈ ਕਦਮ-ਦਰ-ਕਦਮ ਗਾਈਡ।

Employment Development Department
State of California

www.edd.ca.gov

# ਬੇਰੁਜ਼ਗਾਰੀ ਬੀਮੇ ਦੇ ਲਾਭ: ਤੁਹਾਨੂੰ ਕੀ ਜਾਣਨ ਦੀ ਲੋੜ ਹੈ

ਤੁਹਾਨੂੰ ਇਹ ਪੁਸਤਿਕਾ ਪ੍ਰਾਪਤ ਹੋਈ ਹੈ ਕਿਉਂਕਿ ਤੁਸੀਂ ਇੰਪਲੋਇਮੈਂਟ ਡਿਵੈਲਪਮੈਂਟ ਡਿਪਾਰਟਮੈਂਟ (EDD) ਕੋਲ ਬੇਰੁਜ਼ਗਾਰੀ ਬੀਮੇ (UI) ਲਈ ਦਾਅਵਾ ਦਾਖਲ ਕੀਤਾ ਸੀ। UI ਲਈ ਤੁਹਾਡਾ ਦਾਅਵਾ ਦਾਖਲ ਕਰਨ ਦੇ ਹਫ਼ਤੇ ਦੇ ਐਤਵਾਰ ਤੋਂ ਸ਼ੁਰੂ ਕਰਦੇ ਹੋਏ, ਤੁਹਾਡਾ ਦਾਅਵਾ ਇਕ ਸਾਲ ਲਈ ਜਾਇਜ਼ ਹੈ। ਦਾਅਵੇ ਦੀ ਪਰਕਿਰਿਆ, ਲਾਭ ਕਦੋਂ ਭੁਗਤਾਨ ਯੋਗ ਹੋਣਗੇ, ਲਾਭਾਂ ਲਈ ਪ੍ਰਮਾਣਿਤ ਹੋਣ ਵੇਲੇ ਤੁਹਾਡੀਆਂ ਜ਼ਿੰਮੇਵਾਰੀਆਂ ਕੀ ਹਨ, ਇਹ ਸਮਝਣ ਵਿੱਚ ਇਹ ਪੁਸਤਿਕਾ ਤੁਹਾਡੀ ਮਦਦ ਕਰੇਗੀ।

UI ਪ੍ਰੋਗ੍ਰਾਮ, ਜਿਸ ਲਈ ਮਾਲਕਾਂ ਵੱਲੋਂ ਸੰਪੂਰਨ ਪੂੰਜੀ ਮੁਹੱਈਆ ਕੀਤੀ ਜਾਂਦੀ ਹੈ, ਉਨ੍ਹਾਂ ਮੁਲਾਜ਼ਮਾਂ ਨੂੰ ਅੰਸ਼ਕ ਤਨਖਾਹ ਵਿਕਲਪ ਮੁਹੱਈਆ ਕਰਦਾ ਹੈ ਜੋ ਆਪਣੀ ਨੌਕਰੀ ਗੁਆ ਚੁੱਕੇ ਹਨ ਅਤੇ ਉਹ ਲਾਭਾਂ ਲਈ ਪ੍ਰਮਾਣਿਤ ਹੋਣ ਦੇ ਹਰ ਹਫ਼ਤੇ ਲਈ ਇਸ ਪ੍ਰੋਗ੍ਰਾਮ ਲਈ ਯੋਗਤਾ ਦੀਆਂ ਸ਼ਰਤਾਂ ਨੂੰ ਪੂਰਾ ਕਰਦੇ ਹਨ।

## ➲ ਯੋਗਤਾ ਦੀਆਂ ਮੁਢਲੀਆਂ ਸ਼ਰਤਾਂ

ਇਕ ਜਾਇਜ਼ ਦਾਅਵਾ ਕਰਨ ਅਤੇ UI ਦੇ ਲਾਭ ਹਾਸਲ ਕਰਨ ਲਈ ਯੋਗ ਹੋਣ ਲਈ, ਤੁਹਾਨੂੰ ਪਿੱਛਲੇ 18 ਮਹੀਨਿਆਂ ਦੇ ਅੰਦਰ ਕੰਮ ਕਰਨ ਅਤੇ ਤਨਖਾਹ ਦੀ ਨਿਮਨਤਮ ਰਕਮ ਕਮਾਉਣ ਦੀ ਆਰਥਿਕ ਸ਼ਰਤ ਪੂਰੀ ਕਰਨੀ ਪਵੇਗੀ। ਇਸਤੋਂ ਇਲਾਵਾ, ਤੁਹਾਨੂੰ ਰਾਜ ਦੇ ਕਨੂੰਨ ਦੁਆਰਾ ਨਿਰਧਾਰਤ ਕੀਤੀਆਂ ਗਈਆਂ ਹੇਠਾਂ ਦਿੱਤੀਆਂ ਗਈਆਂ ਯੋਗਤਾ ਦੀਆਂ ਸਾਰੀਆਂ ਸ਼ਰਤਾਂ ਵੀ ਪੂਰੀਆਂ ਕਰਨੀਆਂ **ਪੈਣਗੀਆਂ**:

- **ਤੁਹਾਡੀ ਆਪਣੀ ਕਿਸੇ ਗਲਤੀ ਤੋਂ ਬਿਨਾਂ ਬੇਰੁਜ਼ਗਾਰ ਹੋਣਾ।** ਜੇਕਰ ਤੁਹਾਡੀ ਪਿੱਛਲੀ ਨੌਕਰੀ ਤੋਂ ਤੁਹਾਨੂੰ ਬਰਖਾਸਤ ਕੀਤਾ ਜਾਂ ਕੱਢ ਦਿੱਤਾ ਗਿਆ ਸੀ, ਤੁਸੀਂ ਆਪਣੀ ਪਿੱਛਲੀ ਨੌਕਰੀ ਛੱਡ ਦਿੱਤੀ ਸੀ, ਜਾਂ ਕਿਸੇ ਵਪਾਰਕ ਤਕਰਾਰ ਜਾਂ ਹੜਤਾਲ ਕਰਕੇ ਆਪਣੀ ਨੌਕਰੀ ਛੱਡ ਦਿੱਤੀ ਸੀ, ਤਾਂ ਤੁਹਾਡੇ ਲਈ ਫ਼ੋਨ ਰਾਹੀਂ ਇੰਟਰਵਿਊ ਤੈਅ ਕੀਤਾ ਜਾਵੇਗਾ।
- **ਕੰਮ ਕਰਨ ਲਈ ਯੋਗ ਅਤੇ ਉਪਲਬਧ ਹੋਣਾ।** ਤੁਹਾਡਾ ਸਰੀਰਕ ਤੌਰ 'ਤੇ ਕੰਮ ਕਰਨ ਲਈ ਯੋਗ ਅਤੇ ਉਪਲਬਧ ਹੋਣਾ ਜ਼ਰੂਰੀ ਹੈ। ਜ਼ਿਆਦਾਤਰ ਮਾਮਲਿਆਂ ਵਿੱਚ, ਤੁਹਾਡੇ ਲਈ ਪੂਰੇ ਸਮੇਂ ਲਈ ਕੰਮ ਕਰਨਾ ਜ਼ਰੂਰੀ ਹੈ। ਜੇਕਰ ਤੁਸੀਂ ਪੂਰੇ ਸਮੇਂ ਲਈ ਕੰਮ ਕਰਨ ਲਈ ਯੋਗ ਜਾਂ ਉਪਲਬਧ ਨਹੀਂ ਹੋ, ਤਾਂ ਤੁਹਾਡੇ ਲਈ ਫ਼ੋਨ ਰਾਹੀਂ ਇੰਟਰਵਿਊ ਤੈਅ ਕੀਤਾ ਜਾਵੇਗਾ।
- **ਢੁਕਵਾਂ ਕੰਮ ਸਵੀਕਾਰ ਕਰਨ ਲਈ ਤਿਆਰ ਹੋਣਾ।** ਤੁਹਾਡੇ ਲਈ ਤੁਹਾਡੇ ਰਵਾਇਤੀ ਪੇਸ਼ੇ ਵਿੱਚ ਕੰਮ ਸਵੀਕਾਰ ਕਰਨ ਲਈ ਤਿਆਰ ਹੋਣਾ ਜ਼ਰੂਰੀ ਹੈ। ਜੇਕਰ ਤੁਸੀਂ ਕੰਮ ਦੀ ਕਿਸੇ ਪੇਸ਼ਕਸ਼ ਤੋਂ ਇਨਕਾਰ ਕਰਦੇ ਹੋ, ਤਾਂ ਤੁਹਾਡੇ ਲਈ ਫ਼ੋਨ ਰਾਹੀਂ ਇੰਟਰਵਿਊ ਤੈਅ ਕੀਤਾ ਜਾਵੇਗਾ।
- **ਸਰਗਰਮੀ ਨਾਲ ਕੰਮ ਦੀ ਭਾਲ ਕਰਨਾ।** ਤੁਹਾਡਾ ਸਰਗਰਮੀ ਨਾਲ ਕੰਮ ਦੀ ਭਾਲ ਕਰਨਾ ਜ਼ਰੂਰੀ ਹੈ। ਕੰਮ ਦੀ ਭਾਲ ਕਰਨ ਵਿੱਚ ਨੌਕਰੀ ਬਾਰੇ ਖੁਦ ਜਾ ਕੇ, ਈਮੇਲ ਦੁਆਰਾ, ਟੈਲੀਫ਼ੋਨ ਦੁਆਰਾ, ਜਾਂ ਇੰਟਰਨੈਟ 'ਤੇ ਮਾਲਕਾਂ ਨਾਲ ਸੰਪਰਕ ਕਰਨਾ ਸ਼ਾਮਿਲ ਹੋ ਸਕਦਾ ਹੈ। ਇਸ ਵਿੱਚ ਇੰਟਰਨੈਟ, ਅਖ਼ਬਾਰਾਂ ਜਾਂ ਹੋਰ ਪ੍ਰਕਾਸ਼ਨਾਂ 'ਤੇ ਨੌਕਰੀਆਂ ਲੱਭਣਾ ਅਤੇ ਪਿਛਲੇ ਮਾਲਕਾਂ ਨਾਲ ਨਵੀਂਆਂ ਨੌਕਰੀਆਂ ਬਾਰੇ ਸੰਪਰਕ ਕਰਨਾ ਵੀ ਸ਼ਾਮਿਲ ਹੈ। ਜੇਕਰ ਤੁਸੀਂ ਕਿਸੇ ਹਫ਼ਤੇ ਦੇ ਦੌਰਾਨ ਕੰਮ ਦੀ ਭਾਲ ਨਹੀਂ ਕੀਤੀ ਹੈ, ਤਾਂ ਤੁਹਾਡੇ ਲਈ ਫ਼ੋਨ ਰਾਹੀਂ ਇੰਟਰਵਿਊ ਤੈਅ ਕੀਤਾ ਜਾਵੇਗਾ।

## ➲ ਫ਼ੋਨ ਰਾਹੀਂ ਇੰਟਰਵਿਊ, ਯੋਗਤਾ ਸਬੰਧੀ ਫ਼ੈਸਲੇ, ਅਤੇ ਅਪੀਲ ਕਰਨ ਦੇ ਹੱਕ

ਜੇਕਰ ਤੁਹਾਡੇ ਵੱਲੋਂ UI ਦਾਅਵਾ ਦਾਖਲ ਕਰਨ ਤੋਂ ਬਾਅਦ ਤੁਹਾਡੀ ਯੋਗਤਾ ਬਾਰੇ ਕੋਈ ਸਵਾਲ ਹੈ, ਤਾਂ ਇਹ ਨਿਰਧਾਰਤ ਕਰਨ ਲਈ EDD ਦੇ ਨੁਮਾਇੰਦੇ ਨਾਲ ਤੁਹਾਡੇ ਲਈ ਫ਼ੋਨ ਰਾਹੀਂ ਇੰਟਰਵਿਊ ਤੈਅ ਕੀਤਾ ਜਾਵੇਗਾ ਕਿ ਤੁਸੀਂ ਲਾਭ ਹਾਸਲ ਕਰਨ ਲਈ ਯੋਗ ਹੋ ਜਾਂ ਨਹੀਂ। ਤੁਹਾਨੂੰ ਇੰਟਰਵਿਊ ਦੀ ਮਿਤੀ ਅਤੇ ਸਮੇਂ ਦੇ ਨਾਲ *Notification of Unemployment Insurance Benefits Eligibility Interview*, DE 4800, (ਬੇਰੁਜ਼ਗਾਰੀ ਬੀਮਾ ਲਾਭ ਯੋਗਤਾ ਇੰਟਰਵਿਊ ਦੀ ਸੂਚਨਾ) ਭੇਜਿਆ ਜਾਵੇਗਾ। ਇੰਟਰਵਿਊ ਦੀ ਨਿਰਧਾਰਤ ਮਿਤੀ ਅਤੇ ਸਮੇਂ 'ਤੇ EDD ਦਾ ਨੁਮਾਇੰਦਾ ਤੁਹਾਨੂੰ ਕਾਲ ਕਰੇਗਾ।

ਜੇਕਰ EDD ਇਹ ਨਿਰਧਾਰਤ ਕਰਦਾ ਹੈ ਕਿ ਤੁਸੀਂ ਲਾਭਾਂ ਲਈ ਯੋਗ ਨਹੀਂ ਹੋ, ਤਾਂ ਤੁਹਾਨੂੰ *Notice of Determination*, DE 1080, (ਨਿਰਧਾਰਨ ਦੀ ਸੂਚਨਾ) ਅਤੇ *Appeal Form*, DE 1000M, (ਅਪੀਲ ਫਾਰਮ) ਭੇਜਿਆ ਜਾਵੇਗਾ। ਜੇਕਰ ਤੁਸੀਂ ਫ਼ੈਸਲੇ ਨਾਲ ਸਹਿਮਤ ਨਹੀਂ ਹੋ, ਤਾਂ ਤੁਹਾਨੂੰ ਫ਼ੈਸਲੇ ਦੇ ਖ਼ਿਲਾਫ਼ ਅਪੀਲ ਕਰਨ ਅਤੇ ਕੈਲੀਫ਼ੋਰਨੀਆ ਬੇਰੁਜ਼ਗਾਰੀ ਬੀਮਾ ਅਪੀਲ ਬੋਰਡ ਵੱਲੋਂ ਕਿਸੇ ਤੀਜੀ ਧਿਰ, ਸੁਤੰਤਰ ਪ੍ਰਬੰਧਕੀ ਕਨੂੰਨ ਜੱਜ ਦੇ ਸਾਮ੍ਹਣੇ ਸੁਣਵਾਈ ਕਰਵਾਉਣ ਦਾ ਹੱਕ ਹੈ। ਇਕ *Appeal Form* (ਅਪੀਲ ਫਾਰਮ), ਜਾਂ ਪੱਤਰ 'ਤੇ ਆਪਣਾ ਨਾਂ, ਸਮਾਜਕ ਸੁਰੱਖਿਆ ਸੰਖਿਆ, ਅਤੇ, ਤੁਸੀਂ ਫ਼ੈਸਲੇ ਨਾਲ ਸਹਿਮਤ ਕਿਉਂ ਨਹੀਂ ਹੋ, ਇਸਦਾ ਕਾਰਨ ਲਿੱਖ ਕੇ *Notice of Determination* (ਨਿਰਧਾਰਨ ਦੀ ਸੂਚਨਾ) ਨੂੰ ਡਾਕ ਰਾਹੀਂ ਭੇਜਣ ਦੀ ਮਿਤੀ ਤੋਂ ਬਾਅਦ 30 ਦਿਨਾਂ ਦੇ ਅੰਦਰ ਡਾਕ ਰਾਹੀਂ ਭੇਜੋ।

## ➲ UI ONLINE℠ ਨਾਲ ਤੁਹਾਡੇ ਦਾਅਵੇ ਦਾ ਪ੍ਰਬੰਧਨ ਕਰਨਾ

ਆਪਣਾ UI ਦਾਅਵਾ ਦਾਇਰ ਕਰਨ ਤੋਂ ਬਾਅਦ, ਤੁਸੀਂ ਇਨਾਂ ਕੰਮਾਂ ਲਈ 24 ਘੰਟੇ, ਹਫ਼ਤੇ ਵਿੱਚ 7 ਦਿਨ UI Online℠ ਦੀ ਵਰਤੋਂ ਕਰ ਸਕਦੇ ਹੋ - ਲਾਭਾਂ ਲਈ ਪ੍ਰਮਾਣਿਤ ਕਰਨਾ, ਆਪਣੇ ਨਵੀਨਤਮ ਦਾਅਵੇ ਅਤੇ ਭੁਗਤਾਨ ਦੀ ਜਾਣਕਾਰੀ ਪ੍ਰਾਪਤ ਕਰਨਾ, ਮੌਜੂਦਾ ਦਾਅਵੇ ਨੂੰ ਮੁੜ-ਖੋਲ੍ਹਣਾ, ਮੁਲਾਕਾਤਾਂ ਦੀ ਸਮੀਖਿਆ ਕਰਨਾ, ਫੋਨ ਇੰਟਰਵਿਊ ਦੁਬਾਰਾ ਤੈਅ ਕਰਨਾ ਅਤੇ ਹੋਰ! ਤੁਹਾਨੂੰ ਮਹੱਤਵਪੂਰਨ ਸੂਚਨਾਵਾਂ ਵੀ ਪ੍ਰਾਪਤ ਹੋਣਗੀਆਂ ਜਿਵੇਂ ਕਿ ਲਾਭਾਂ ਲਈ ਪ੍ਰਮਾਣਤ ਕਰਨ ਲਈ ਰਿਮਾਇੰਡਰ। ਵਧੇਰੀ ਸਹੂਲਤ ਲਈ, UI Online Mobile℠ ਸਮਾਰਟਫੋਨ ਅਤੇ ਟੈਬਲੇਟ ਉਪਭੋਗਤਾਵਾਂ ਲਈ ਉਪਲਬਧ ਹੈ। ਵਧੇਰੇ ਜਾਣਕਾਰੀ ਲਈ ਜਾਂ ਆਪਣੇ UI online℠ ਖਾਤੇ ਤੱਕ ਪਹੁੰਚਣ ਲਈ, **www.edd.ca.gov/UI_Online** ਤੇ ਜਾਓ।

## ➲ ਨਿਰੰਤਰ ਲਾਭਾਂ ਲਈ ਪ੍ਰਮਾਣਿਤ ਹੋਣਾ

UI ਦਾਅਵਾ ਦਾਖਲ ਕਰਨ ਤੋਂ ਬਾਅਦ, ਤੁਹਾਨੂੰ **ਹਰ ਦੋ ਹਫ਼ਤਿਆਂ ਬਾਅਦ ਪ੍ਰਮਾਣਿਤ ਕਰਨਾ ਪਵੇਗਾ** ਕਿ ਤੁਸੀਂ ਲਾਭਾਂ ਲਈ ਭੁਗਤਾਨ ਕੀਤੇ ਜਾਣ ਲਈ ਯੋਗਤਾ ਦੀਆਂ ਸ਼ਰਤਾਂ ਨੂੰ ਲਗਾਤਾਰ ਪੂਰਾ ਕਰ ਰਹੇ ਹੋ। ਤੁਹਾਡੇ ਦੁਆਰਾ ਡਾਕ ਰਾਹੀਂ ਪ੍ਰਮਾਣਿਤ ਕਰਨ ਲਈ EDD ਤੁਹਾਨੂੰ ਡਾਕ ਰਾਹੀਂ ਇਕ ਦਸਤਾਵੇਜ਼ *Continued Claim Form*, DE 4581, (ਨਿਰੰਤਰ ਦਾਅਵਾ ਫਾਰਮ) ਭੇਜੇਗਾ, ਪਰ EDD ਇਹ ਸਿਫ਼ਾਰਸ਼ ਕਰਦਾ ਹੈ ਕਿ ਤੁਸੀਂ **www.edd.ca.gov/UI_Online** 'ਤੇ UI Online℠ ਦੀ ਵਰਤੋਂ ਰਾਹੀਂ ਔਨਲਾਈਨ ਪ੍ਰਮਾਣਿਤ ਹੋਵੋ ਕਿਉਂਕਿ ਇਹ ਪ੍ਰਮਾਣਿਤ ਹੋਣ ਦਾ ਤੇਜ਼, ਸੌਖਾ, ਅਤੇ ਸੁਰੱਖਿਅਤ ਤਰੀਕਾ ਹੈ। ਤੁਸੀਂ 1-866-333-4606 'ਤੇ EDD Tele-Cert℠ ਦੀ ਵਰਤੋਂ ਕਰ ਕੇ ਫ਼ੋਨ ਰਾਹੀਂ ਵੀ ਪ੍ਰਮਾਣਿਤ ਹੋ ਸਕਦੇ ਹੋ।

***ਮਹੱਤਵਪੂਰਨ:*** *ਵਧੇਰੀ ਤੇਜ਼ ਕਾਰਵਾਈ ਲਈ, ਤੁਹਾਡੇ ਦਾਅਵਾ ਫਾਰਮ 'ਤੇ ਪਰਦਰਸ਼ਿਤ ਕੀਤੀ ਗਈ "ਨੂੰ ਇਸ ਫਾਰਮ ਨੂੰ ਭਰ ਕੇ ਡਾਕ ਰਾਹੀਂ ਭੇਜੋ" ਮਿਤੀ ਤੋਂ ਬਾਅਦ 14 ਦਿਨਾਂ ਦੇ ਅੰਦਰ ਸਮੇਂ ਸਿਰ ਆਪਣੇ ਪ੍ਰਮਾਣੀਕਰਨ ਦਾਇਰ ਕਰੋ। ਪਹਿਲਾਂ ਜਾਂ ਦੇਰ ਨਾਲ ਪ੍ਰਮਾਣਿਤ ਹੋਣ ਦੇ ਨਤੀਜੇ ਵਜੋਂ ਤੁਹਾਡੇ ਲਾਭਾਂ ਦੇ ਭੁਗਤਾਨ ਵਿੱਚ ਦੇਰ ਜਾਂ ਇਨਕਾਰ ਹੋ ਸਕਦਾ ਹੈ।*

ਕਿਰਪਾ ਕਰਕੇ ਨੋਟ ਕਰੋ, ਜੇਕਰ ਤੁਹਾਡਾ ਮਾਲਕ ਤੁਹਾਡੇ ਦੁਆਰਾ ਭਰ ਕੇ EDD ਨੂੰ ਡਾਕ ਰਾਹੀਂ ਭੇਜਣ ਲਈ ਤੁਹਾਨੂੰ ਅੰਸ਼ਕ ਜਾਂ ਕੰਮ ਸਾਂਝਾਕਰਨ ਦਾਅਵਾ ਫਾਰਮ ਮੁਹੱਈਆ ਕਰਦਾ ਹੈ, ਤਾਂ ਤੁਸੀਂ ਔਨਲਾਈਨ ਜਾਂ ਫ਼ੋਨ ਰਾਹੀਂ ਪ੍ਰਮਾਣਿਤ ਨਹੀਂ ਹੋ ਸਕਦੇ; ਹਾਲਾਂਕਿ, ਤੁਸੀਂ ਫੇਰ ਵੀ UI Online℠ 'ਤੇ ਉਪਲਬਧ ਅਤੇ ਫ਼ੋਨ ਰਾਹੀਂ ਕਈ ਹੋਰ ਸਵੈ-ਸੇਵਾ ਸਹੂਲਤਾਂ ਦੀ ਵਰਤੋਂ ਕਰ ਸਕਦੇ ਹੋ।

ਜੇਕਰ ਯੋਗਤਾ ਦੀਆਂ ਸ਼ਰਤਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ, ਤਾਂ ਪ੍ਰਮਾਣੀਕਰਨ ਪ੍ਰਾਪਤ ਹੋਣ ਤੋਂ ਬਾਅਦ ਲਾਭ ਲਈ ਭੁਗਤਾਨ ਜਾਰੀ ਕਰ ਦਿੱਤਾ ਜਾਵੇਗਾ। ਜੇਕਰ ਤੁਹਾਨੂੰ ਲਾਭਾਂ ਲਈ ਪ੍ਰਮਾਣਿਤ ਹੋਣ ਤੋਂ ਬਾਅਦ 10 ਦਿਨਾਂ ਦੇ ਅੰਦਰ ਭੁਗਤਾਨ ਪ੍ਰਾਪਤ ਨਹੀਂ ਹੁੰਦਾ, ਤਾਂ ਉਸਦਾ ਕਾਰਨ ਇਹ ਹੋ ਸਕਦਾ ਹੈ ਕਿ ਤੁਹਾਡੀ ਯੋਗਤਾ ਬਾਰੇ ਕੋਈ ਸਵਾਲ ਹੈ ਅਤੇ ਤੁਹਾਨੂੰ *Notice of Unemployment Insurance Benefits Eligibility Interview*, DE 4800, (ਬੇਰੁਜ਼ਗਾਰੀ ਬੀਮਾ ਲਾਭ ਯੋਗਤਾ ਇੰਟਰਵਿਊ ਦੀ ਸੂਚਨਾ) ਪ੍ਰਾਪਤ ਹੋ ਸਕਦਾ ਹੈ।

## ➲ ਨਿਰੰਤਰ ਲਾਭਾਂ ਲਈ ਪ੍ਰਮਾਣਿਤ ਹੋਣ ਦੇ ਸਮੇਂ ਪੁੱਛੇ ਜਾਣ ਵਾਲੇ ਸਵਾਲਾਂ ਨੂੰ ਸਮਝਣਾ

ਇਹ ਖੰਡ UI ਲਾਭਾਂ ਲਈ ਪ੍ਰਮਾਣਿਤ ਹੋਣ ਦੇ ਸਮੇਂ ਪੁੱਛੇ ਜਾਣ ਵਾਲੇ ਸਵਾਲਾਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰੇਗਾ। ਲਾਭਾਂ ਦੇ ਭੁਗਤਾਨ ਲਈ ਤੁਹਾਡੀ ਹਫ਼ਤੇਵਾਰ ਯੋਗਤਾ ਨਿਰਧਾਰਤ ਕਰਨ ਲਈ EDD ਦੁਆਰਾ ਤੁਹਾਡੇ ਜਵਾਬ ਵਰਤੇ ਜਾਂਦੇ ਹਨ। UI ਧੋਖਾਧੜੀ ਕਰਨ ਤੋਂ ਬਚਣ ਲਈ ਸਾਰੇ ਸਵਾਲਾਂ 'ਤੇ ਸੱਚੇ ਅਤੇ ਠੀਕ ਜਵਾਬ ਦਿਓ। UI ਧੋਖਾਧੜੀ ਬਾਰੇ ਵਧੇਰੀ ਜਾਣਕਾਰੀ ਲਈ, ਪੰਨਾ 6 'ਤੇ ਲਾਭ-ਸਬੰਧੀ ਧੋਖਾਧੜੀ ਰੋਕਣਾ ਵੇਖੋ। ਡਾਕ ਰਾਹੀਂ ਪੇਪਰ ਫਾਰਮ ਭੇਜਣ ਦੀ ਬਜਾਏ, ਵਧੇਰੀ ਤੇਜ਼ ਕਾਰਵਾਈ ਲਈ ਤੁਸੀਂ **www.edd.ca.gov/UI_Online** 'ਤੇ UI Online℠ ਦੀ ਵਰਤੋਂ ਰਾਹੀਂ ਜਾਂ 1-866-333-4606 'ਤੇ EDD Tele-Cert℠ ਰਾਹੀਂ ਪ੍ਰਮਾਣਿਤ ਹੋ ਸਕਦੇ ਹੋ। ਜੇਕਰ ਤੁਸੀਂ ਪੇਪਰ *Continued Claim Form*, DE 4581, (ਨਿਰੰਤਰ ਦਾਅਵਾ ਫਾਰਮ) ਦੀ ਵਰਤੋਂ ਰਾਹੀਂ ਲਾਭਾਂ ਲਈ ਪ੍ਰਮਾਣਿਤ ਹੁੰਦੇ ਹੋ, ਤਾਂ ਇਹ ਯਕੀਨੀ ਬਣਾਉਣ ਲਈ ਧਿਆਨ ਨਾਲ ਫਾਰਮ ਦੀ ਸਮੀਖਿਆ ਕਰੋ ਕਿ ਫਾਰਮ ਵਿੱਚ ਹਰ ਹਫ਼ਤੇ ਲਈ ਸਵਾਲਾਂ ਦੇ ਜਵਾਬ ਦਿੱਤੇ ਗਏ ਹਨ ਅਤੇ ਇਹ ਕਿ ਫਾਰਮ 'ਤੇ ਦਸਤਖ਼ਤ ਕੀਤੇ ਗਏ ਹਨ।

**ਸਵਾਲ 1:** **ਕੀ ਤੁਸੀਂ ਬਹੁਤ ਬਿਮਾਰ ਹੋਣ ਜਾਂ ਸੱਟ ਲੱਗਣ ਕਾਰਨ ਕੰਮ ਕਰਨ ਲਈ ਅਯੋਗ ਸੀ?**
ਜੇ ਹਾਂ; ਦਿਨਾਂ ਦੀ ਉਹ ਸੰਖਿਆ ਭਰੋ (1 ਤੋਂ 7) ਜਿਹਨਾਂ ਵਿੱਚ ਤੁਸੀਂ ਕੰਮ ਕਰਨ ਵਿੱਚ ਅਯੋਗ ਰਹੇ।

| | |
|---|---|
| **"ਹਾਂ" ਵਿੱਚ ਜਵਾਬ ਦਿਓ ਜੇਕਰ:** | ਤੁਸੀਂ ਬਿਮਾਰੀ ਜਾਂ ਸੱਟ ਕਰਕੇ ਕੰਮ ਕਰਨ ਵਿੱਚ ਅਯੋਗ ਸੀ। ਜਾਂ, ਬਿਮਾਰੀ ਜਾਂ ਸੱਟ ਕਾਰਨ ਤੁਹਾਨੂੰ ਕੋਈ ਨਵੀਂ ਨੌਕਰੀ ਸ਼ੁਰੂ ਕਰਨ ਵਿੱਚ ਦੇਰੀ ਹੋਈ। |
| **"ਨਹੀਂ" ਵਿੱਚ ਜਵਾਬ ਦਿਓ ਜੇਕਰ:** | ਤੁਸੀਂ ਸਰੀਰਕ ਤੌਰ ਤੇ ਹਫ਼ਤੇ ਦੇ ਹਰ ਦਿਨ ਕੰਮ ਕਰਨ ਦੇ ਯੋਗ ਸੀ ਜੇ ਤੁਸੀਂ ਕਿਸੇ ਨੌਕਰੀ ਤੇ ਹੁੰਦੇ, ਜਾਂ ਤੁਸੀਂ ਕੋਈ ਨਵੀਂ ਨੌਕਰੀ ਸ਼ੁਰੂ ਕਰਨੀ ਹੁੰਦੀ। |
| **ਵੇਰਵਾ:** | • UI ਲਾਭ ਹਾਸਲ ਕਰਨ ਲਈ ਹਰ ਹਫ਼ਤੇ ਕੰਮ ਕਰਨ ਲਈ ਤੁਹਾਡਾ ਪਰਯਾਪਤ ਚੰਗਾ ਹੋਣਾ ਜ਼ਰੂਰੀ ਹੈ।<br>• ਇਸ ਹਫ਼ਤੇ ਦੌਰਾਨ ਤੁਹਾਡੇ ਕੰਮ ਕਰਨ ਲਈ ਯੋਗ ਹੋਣ ਦੇ ਦਿਨਾਂ ਦੀ ਸੰਖਿਆ ਦੇ ਮੁਤਾਬਕ ਲਾਭਾਂ ਦਾ ਭੁਗਤਾਨ ਕੀਤਾ ਜਾਂਦਾ ਹੈ। ਤੁਹਾਡੇ ਦੁਆਰਾ ਬਿਮਾਰੀ ਜਾਂ ਸੱਟ ਕਾਰਨ ਕੰਮ ਨਾ ਕਰਨ ਕਰਕੇ ਹਰ ਦਿਨ ਤੁਹਾਡੇ ਲਾਭਾਂ ਦਾ ਸੱਤਵਾਂ ਹਿੱਸਾ ਘਟਾ ਦਿੱਤਾ ਜਾਂਦਾ ਹੈ। |

**ਸਵਾਲ 2:** **ਕੀ ਕੋਈ ਅਜਿਹਾ ਕਾਰਨ (ਬਿਮਾਰੀ ਜਾਂ ਸੱਟ ਤੋਂ ਇਲਾਵਾ) ਸੀ ਜਿਸ ਕਾਰਨ ਤੁਸੀਂ ਕੰਮ ਦੇ ਹਰੇਕ ਦਿਨ ਪੂਰੇ-ਸਮੇਂ ਲਈ ਕੰਮ ਸਵੀਕਾਰ ਨਹੀਂ ਕਰ ਸਕਦੇ ਸੀ?**

| | |
|---|---|
| **"ਹਾਂ" ਵਿੱਚ ਜਵਾਬ ਦਿਓ ਜੇਕਰ:** | ਕਿਸੇ ਕਾਰਨ ਵਜੋਂ ਤੁਸੀਂ ਕੰਮ ਸਵੀਕਾਰ ਕਰਨ ਲਈ ਫ਼ੌਰਨ ਉਪਲਬਧ ਨਹੀਂ ਸੀ, ਜਿਵੇਂ ਬਾਲ ਦੇਖਭਾਲ ਦੀ ਕਮੀ, ਆਵਾਜਾਈ ਦੀ ਕਮੀ, ਪਰਵਾਰ ਦੇ ਕਿਸੇ ਬਿਮਾਰ ਸਦੱਸ ਦੀ ਦੇਖਭਾਲ ਕਰਨਾ, ਵਿਅਕਤੀਗਤ ਵਪਾਰ, ਜਾਂ ਛੁੱਟੀ 'ਤੇ ਹੋਣਾ। |
| **"ਨਹੀਂ" ਵਿੱਚ ਜਵਾਬ ਦਿਓ ਜੇਕਰ:** | ਤੁਸੀਂ ਅਜਿਹਾ ਕੰਮ ਸਵੀਕਾਰ ਕਰਨ ਲਈ ਤਿਆਰ ਅਤੇ ਰਾਜ਼ੀ ਸੀ ਜੋ ਤੁਹਾਡੇ ਵਪਾਰਿਕ ਕੌਸ਼ਲਾਂ ਅਤੇ ਵਿੱਦਿਅਕ ਪਿਛੋਕੜ ਨਾਲ ਮੇਲ ਖਾਂਦਾ ਹੋਵੇ। ਜੇਕਰ ਇੱਕ ਨੌਕਰੀ ਦੀ ਪੇਸ਼ਕਸ਼ ਕੀਤੀ ਜਾਂਦੀ, ਤਾਂ ਅਜਿਹੀ ਕੋਈ ਚੀਜ ਨਹੀਂ ਸੀ ਜੋ ਤੁਹਾਨੂੰ ਨੌਕਰੀ ਸਵੀਕਾਰ ਕਰਨ ਤੋਂ ਰੋਕ ਸਕਦੀ ਸੀ। |
| **ਵੇਰਵਾ:** | • UI ਲਾਭ ਹਾਸਲ ਕਰਨ ਲਈ ਤੁਹਾਡਾ ਕੰਮ ਕਰਨ ਲਈ ਉਪਲਬਧ ਹੋਣਾ ਜ਼ਰੂਰੀ ਹੈ। ਉਪਲਬਧ ਹੋਣ ਦਾ ਮਤਲਬ ਹੈ ਤੁਸੀਂ ਕੰਮ ਸਵੀਕਾਰ ਕਰਨ ਲਈ ਤਿਆਰ ਅਤੇ ਰਾਜ਼ੀ ਹੋ।<br>• ਜੇਕਰ ਤੁਸੀਂ ਪੂਰੇ-ਸਮੇਂ ਲਈ ਕੰਮ ਸਵੀਕਾਰ ਕਰਨ ਲਈ ਉਪਲਬਧ ਹੋ ਤਾਂ ਲਾਭਾਂ ਦਾ ਭੁਗਤਾਨ ਕੀਤਾ ਜਾਂਦਾ ਹੈ; ਹਾਲਾਂਕਿ, ਅਜਿਹੇ ਕੁਝ ਹਾਲਾਤ ਹਨ ਜਦੋਂ ਤੁਸੀਂ ਆਪਣੇ ਆਪ ਨੂੰ ਥੋੜ੍ਹੇ-ਸਮੇਂ ਦੇ ਕੰਮ ਤਕ ਸੀਮਿਤ ਕਰਦੇ ਹੋ ਅਤੇ ਫੇਰ ਵੀ ਤੁਹਾਨੂੰ ਲਾਭਾਂ ਦਾ ਭੁਗਤਾਨ ਕੀਤਾ ਜਾਂਦਾ ਹੈ। ਜੇਕਰ ਅਜਿਹਾ ਹੈ, ਤਾਂ ਤੁਸੀਂ ਹੋਰ ਜਾਣਕਾਰੀ EDD ਤੋਂ ਪ੍ਰਾਪਤ ਕਰੋਗੇ। |

**ਸਵਾਲ 3:** **ਕੀ ਤੁਸੀਂ ਕੰਮ ਦੀ ਭਾਲ ਕੀਤੀ?**

| | |
|---|---|
| **"ਹਾਂ" ਵਿੱਚ ਜਵਾਬ ਦਿਓ ਜੇਕਰ:** | ਤੁਸੀਂ ਇਸ ਹਫ਼ਤੇ ਕੰਮ ਦੀ ਭਾਲ ਕੀਤੀ। ਕੰਮ ਦੀ ਭਾਲ ਕਰਨ ਵਿੱਚ ਨੌਕਰੀ ਬਾਰੇ ਮਾਲਕਾਂ ਨਾਲ ਖੁਦ ਜਾ ਕੇ, ਈਮੇਲ ਦੁਆਰਾ, ਫ਼ੋਨ ਦੁਆਰਾ, ਜਾਂ ਇੰਟਰਨੈਟ ਤੇ ਸੰਪਰਕ ਕਰਨਾ ਸ਼ਾਮਿਲ ਹੈ। ਇਸ ਵਿੱਚ ਇੰਟਰਨੈਟ, ਅਖ਼ਬਾਰਾਂ ਜਾਂ ਹੋਰ ਪ੍ਰਕਾਸ਼ਨਾਂ 'ਤੇ ਨੌਕਰੀਆਂ ਲੱਭਣਾ ਅਤੇ ਪਿਛਲੇ ਮਾਲਕਾਂ ਨਾਲ ਨਵੀਂਆਂ ਨੌਕਰੀਆਂ ਬਾਰੇ ਸੰਪਰਕ ਕਰਨਾ, ਅਤੇ ਨੌਕਰੀਆਂ ਲਈ ਅਰਜ਼ੀਆਂ ਦੇਣਾ ਵੀ ਸ਼ਾਮਿਲ ਹੈ।<br><br>ਜੇਕਰ ਤੁਸੀਂ ਕਿਸੇ ਯੂਨੀਅਨ ਦੇ ਮੈਂਬਰ ਹੋ, ਤਾਂ ਤੁਹਾਨੂੰ ਇਸ ਸਵਾਲ ਦਾ ਜਵਾਬ "ਹਾਂ" ਵਿੱਚ ਦੇਣਾ ਚਾਹੀਦਾ ਹੈ, ਕੀ ਤੁਸੀਂ ਆਪਣੀ ਯੂਨੀਅਨ ਨਾਲ ਰਜਿਸਟਰਡ ਸੀ ਅਤੇ ਆਪਣੀ ਯੂਨੀਅਨ ਦੀ ਰਿਪੋਰਟਿੰਗ ਅਤੇ ਡਿਸਪੈਚ ਸਬੰਧੀ ਲੋੜਾਂ ਪੂਰੀਆਂ ਕਰਦੇ ਸੀ। |
| **"ਨਹੀਂ" ਵਿੱਚ ਜਵਾਬ ਦਿਓ ਜੇਕਰ:** | ਤੁਸੀਂ ਪੂਰਾ ਹਫ਼ਤਾ ਕਿਸੇ ਮਾਲਕ ਨਾਲ ਸੰਪਰਕ ਨਹੀਂ ਕੀਤਾ, ਕੋਈ ਅਰਜ਼ੀ ਸਬਮਿਟ ਨਹੀਂ ਕਰਵਾਈ ਜਾਂ ਉਪਲਬਧ ਨੌਕਰੀਆਂ ਦੀ ਭਾਲ ਨਹੀਂ ਕੀਤੀ।<br><br>ਜੇਕਰ ਤੁਸੀਂ ਕਿਸੇ ਯੂਨੀਅਨ ਦੇ ਮੈਂਬਰ ਹੋ, ਤਾਂ ਤੁਹਾਨੂੰ ਇਸ ਸਵਾਲ ਦਾ ਜਵਾਬ "ਨਹੀਂ" ਵਿੱਚ ਦੇਣਾ ਚਾਹੀਦਾ ਹੈ, ਕੀ ਤੁਸੀਂ ਆਪਣੀ ਯੂਨੀਅਨ ਨਾਲ ਰਜਿਸਟਰਡ ਨਹੀਂ ਸੀ ਅਤੇ/ਜਾਂ ਆਪਣੀ ਯੂਨੀਅਨ ਦੀ ਰਿਪੋਰਟਿੰਗ ਅਤੇ ਡਿਸਪੈਚ ਸਬੰਧੀ ਲੋੜਾਂ ਪੂਰੀਆਂ ਨਹੀਂ ਕਰਦੇ ਸੀ। |
| **ਵੇਰਵਾ:** | • ਤੁਹਾਨੂੰ ਹਰ ਹਫ਼ਤੇ EDD ਨੂੰ ਕੰਮ-ਖੋਜ ਰਿਕਾਰਡ ਦਾਇਰ ਕਰਨ ਦੀ ਲੋੜ ਨਹੀਂ ਹੈ, ਪਰ ਤੁਹਾਨੂੰ ਅਜਿਹਾ ਰਿਕਾਰਡ ਕਾਇਮ ਰੱਖਣਾ ਪਵੇਗਾ ਜੋ EDD ਵੱਲੋਂ ਤੁਹਾਡੀ ਕੰਮ-ਖੋਜ ਜਾਣਕਾਰੀ ਮੰਗੇ ਜਾਣ 'ਤੇ ਫ਼ੌਰਨ ਉਪਲਬਧ ਹੋਵੇ। *Notice of Unemployment Insurance Award*, DE 429Z (ਬੇਰੁਜ਼ਗਾਰੀ ਬੀਮਾ ਅਨੁਦਾਨ ਦੀ ਸੂਚਨਾ) 'ਤੇ ਕੰਮ-ਖੋਜ ਹਿਦਾਇਤਾਂ ਦੀ ਪਾਲਣਾ ਕਰੋ।<br>• ਜੇਕਰ ਤੁਸੀਂ ਪੇਪਰ ਫਾਰਮ ਦੀ ਵਰਤੋਂ ਰਾਹੀਂ ਪ੍ਰਮਾਣਿਤ ਹੋਣ ਦੀ ਚੋਣ ਕਰਦੇ ਹੋ ਅਤੇ EDD ਨੇ ਡੱਬੇ 'ਤੇ "X" ਦਾ ਨਿਸ਼ਾਨ ਲਗਾਇਆ ਹੈ, ਤਾਂ ਤੁਹਾਨੂੰ ਫਾਰਮ ਦੇ ਪਿੱਛਲੇ ਪਾਸੇ ਖੰਡ B, ਕੰਮ-ਖੋਜ ਰਿਕਾਰਡ, ਪੂਰਾ ਕਰਨਾ ਪਵੇਗਾ। |

**ਸਵਾਲ 4:** **ਕੀ ਤੁਸੀਂ ਕਿਸੇ ਕੰਮ ਤੋਂ ਇਨਕਾਰ ਕੀਤਾ ਸੀ?**

| | |
|---|---|
| **"ਹਾਂ" ਵਿੱਚ ਜਵਾਬ ਦਿਓ ਜੇਕਰ:** | ਤੁਸੀਂ ਇਸ ਹਫ਼ਤੇ ਦੌਰਾਨ ਕਿਸੇ ਮਾਲਕ ਦੀ ਢੁਕਵੇਂ ਕੰਮ ਦੀ ਪੇਸ਼ਕਸ਼ ਨਾਮਨਜ਼ੂਰ ਕੀਤੀ।<br><br>ਜੇਕਰ ਤੁਸੀਂ ਇੱਕ ਯੂਨੀਅਨ ਦੇ ਮੈਂਬਰ ਹੋ ਅਤੇ ਤੁਸੀਂ ਯੂਨੀਅਨ ਦੇ ਰੈਫ਼ਰਲ ਦੀ ਨੌਕਰੀ ਨੂੰ ਨਾਮਨਜ਼ੂਰ ਕੀਤਾ ਹੈ, ਤਾਂ "ਹਾਂ" ਵਿੱਚ ਉੱਤਰ ਦਿਓ। |
| **"ਨਹੀਂ" ਵਿੱਚ ਜਵਾਬ ਦਿਓ ਜੇਕਰ:** | ਤੁਸੀਂ ਇਸ ਹਫ਼ਤੇ ਕੰਮ ਦੀ ਕੋਈ ਪੇਸ਼ਕਸ਼ ਨਾਮਨਜ਼ੂਰ ਨਹੀਂ ਕੀਤੀ। ਇਸਦਾ ਅਰਥ ਹੈ ਕਿ ਤੁਸੀਂ ਕੰਮ ਦੀ ਕੋਈ ਪੇਸ਼ਕਸ਼ ਪ੍ਰਾਪਤ ਨਹੀਂ ਕੀਤੀ ਜਾਂ ਤੁਹਾਨੂੰ ਇੱਕ ਪੇਸ਼ਕਸ਼ ਮਿਲੀ ਅਤੇ ਤੁਸੀਂ ਇਸਨੂੰ ਸਵੀਕਾਰ ਕਰ ਲਿਆ। |
| **ਵੇਰਵਾ:** | • UI ਲਾਭ ਹਾਸਲ ਕਰਨ ਲਈ ਤੁਹਾਡਾ ਢੁਕਵੇਂ ਕੰਮ ਸਵੀਕਾਰ ਕਰਨ ਲਈ ਰਾਜ਼ੀ ਹੋਣਾ ਜ਼ਰੂਰੀ ਹੈ।<br>• ਜੇਕਰ ਤੁਸੀਂ ਆਪਣੇ ਪੇਸ਼ੇ ਅਤੇ/ਜਾਂ ਸਿੱਖਿਅਕ ਪਿੱਠਭੂਮੀ ਲਈ ਢੁਕਵੀਂ ਕਿਸੇ ਕੰਮ ਦੀ ਪੇਸ਼ਕਸ਼ ਨਾਮਨਜ਼ੂਰ ਕੀਤੀ ਸੀ, ਤਾਂ ਹੋ ਸਕਦਾ ਹੈ ਤੁਸੀਂ ਲਾਭਾਂ ਲਈ ਯੋਗ ਨਾ ਹੋਵੋ। |

**ਸਵਾਲ 5:** **ਕੀ ਤੁਸੀਂ ਕਿਸੇ ਪ੍ਰਕਾਰ ਦਾ ਸਕੂਲ ਜਾਣਾ ਜਾਂ ਸਿਖਲਾਈ ਲੈਣੀ ਸ਼ੁਰੂ ਕੀਤੀ ਸੀ?**

| | |
|---|---|
| **"ਹਾਂ" ਵਿੱਚ ਜਵਾਬ ਦਿਓ ਜੇਕਰ:** | ਤੁਸੀਂ **ਇਸ** ਹਫ਼ਤੇ ਸਕੂਲ ਜਾਣਾ ਜਾਂ ਕੋਈ ਸਿਖਲਾਈ **ਸ਼ੁਰੂ** ਕੀਤੀ ਹੈ। ਕੇਵਲ "ਹਾਂ" ਵਿੱਚ ਉੱਤਰ ਦਿਓ ਜੇ ਤੁਸੀਂ ਇਸ ਹਫ਼ਤੇ ਇੱਕ ਨਵੀਂ ਟਰਮ ਜਾਂ ਨਵੀਂ ਕਲਾਸ ਸ਼ੁਰੂ ਕੀਤੀ ਹੈ। |
| **"ਨਹੀਂ" ਵਿੱਚ ਜਵਾਬ ਦਿਓ ਜੇਕਰ:** | ਤੁਸੀਂ **ਇਸ** ਹਫ਼ਤੇ ਕਿਸੇ ਵੀ ਕਿਸਮ ਦੇ ਸਕੂਲ ਜਾਂ ਸਿਖਲਾਈ 'ਤੇ ਜਾਣਾ **ਸ਼ੁਰੂ ਨਹੀਂ** ਕੀਤਾ। ਜੇਕਰ ਇਸ ਹਫ਼ਤੇ ਦੇ ਦੌਰਾਨ ਤੁਸੀਂ ਕੋਈ ਨਵੀਂ ਟਰਮ ਜਾਂ ਨਵੀਂ ਕਲਾਸ ਸ਼ੁਰੂ ਨਹੀਂ ਕੀਤੀ, ਜਾਂ ਉਹੀ ਸਕੂਲ ਜਾਂ ਸਿਖਲਾਈ ਜਾਰੀ ਰੱਖ ਰਹੇ ਸੀ ਜੋ ਤੁਸੀਂ ਪਹਿਲਾਂ ਟਰਮ ਜਾਂ ਕਲਾਸ ਸ਼ੁਰੂ ਹੋਣ 'ਤੇ ਰਿਪੋਰਟ ਕੀਤੀ ਸੀ, ਤਾਂ "ਨਹੀਂ" ਵਿੱਚ ਜਵਾਬ ਦਿਓ। |
| **ਵੇਰਵਾ:** | • ਕੇਵਲ ਉਸ ਸਕੂਲ ਜਾਂ ਸਿਖਲਾਈ ਦੀ ਸੂਚਨਾ ਦਿਓ ਜਿੱਥੇ ਤੁਸੀਂ ਹਫ਼ਤੇ ਦੇ ਦੌਰਾਨ ਅਸਲ ਵਿੱਚ ਜਾਣਾ ਸ਼ੁਰੂ ਕੀਤਾ ਹੈ।<br>• ਲਾਭਾਂ ਦਾ ਭੁਗਤਾਨ ਉਦੋਂ ਕੀਤਾ ਜਾਂਦਾ ਹੈ ਜਦੋਂ ਤੁਸੀਂ ਸਕੂਲ ਜਾਂ ਸਿਖਲਾਈ 'ਤੇ ਜਾਣ ਦੀ ਪਰਵਾਹ ਕੀਤੇ ਬਿਨਾਂ, ਕੰਮ ਸਵੀਕਾਰ ਕਰਨ ਲਈ ਉਪਲਬਧ ਹੋਵੋ।<br>• ਸਕੂਲ ਜਾਂ ਸਿਖਲਾਈ ਬਾਰੇ ਜਾਣਕਾਰੀ ਦੇਣ ਦੇ ਤਰੀਕੇ ਦੇ ਉਦਾਹਰਨਾਂ ਲਈ, **www.edd.ca.gov/unemployment** 'ਤੇ EDD ਦੀ ਵੈੱਬਸਾਈਟ 'ਤੇ UI ਲਾਭਾਂ ਲਈ ਪ੍ਰਮਾਣਿਤ ਹੋਵੋ ਪੰਨੇ 'ਤੇ ਜਾਓ। |

**ਸਵਾਲ 6:** **ਕੀ ਤੁਸੀਂ ਕੋਈ ਕੰਮ ਕੀਤਾ ਜਾਂ ਧਨ ਕਮਾਇਆ, ਭਾਂਵੇ ਭੁਗਤਾਨ ਮਿਲਿਆ ਸੀ ਜਾਂ ਨਹੀਂ?**

| | | |
|---|---|---|
| **"ਹਾਂ" ਵਿੱਚ ਜਵਾਬ ਦਿਓ ਜੇਕਰ ਤੁਸੀਂ:** | **UI Online℠ ਦੀ** ਵਰਤੋਂ ਕਰ ਰਹੇ ਹੋ ਅਤੇ ਇਨ੍ਹਾਂ ਵਿੱਚੋਂ ਕੁਝ ਮੌਜੂਦ ਹੈ:<br>• ਤੁਸੀਂ ਕੰਮ ਕੀਤਾ ਸੀ।<br>• ਤੁਸੀਂ **ਕੀਤੇ ਗਏ ਕੰਮ ਲਈ ਧਨ ਕਮਾਇਆ ਸੀ***.<br>• ਤੁਸੀਂ ਕੰਮ ਕੀਤਾ ਸੀ ਅਤੇ **ਕਿਸੇ ਹੋਰ ਕਿਸਮ ਦੀ ਆਮਦਨੀ*** ਪ੍ਰਾਪਤ ਹੋਈ ਸੀ।<br>• ਤੁਸੀਂ **ਕੀਤੇ ਗਏ ਕੰਮ ਲਈ ਧਨ*** ਕਮਾਇਆ ਸੀ ਅਤੇ **ਕਿਸੇ ਹੋਰ ਕਿਸਮ ਦੀ ਆਮਦਨੀ*** ਪ੍ਰਾਪਤ ਹੋਈ ਸੀ। | **ਪੇਪਰ *Continued Claim Form (ਨਿਰੰਤਰ ਦਾਅਵਾ ਫਾਰਮ)* ਦੀ ਵਰਤੋਂ ਕਰ ਰਹੇ ਹੋ ਅਤੇ** ਇਨ੍ਹਾਂ ਵਿੱਚੋਂ ਕੁਝ ਮੌਜੂਦ ਹੈ:<br>• ਤੁਸੀਂ ਕੰਮ ਕੀਤਾ ਸੀ।<br>• ਤੁਸੀਂ **ਕੀਤੇ ਗਏ ਕੰਮ ਲਈ ਧਨ ਕਮਾਇਆ ਸੀ***.<br>• ਤੁਹਾਨੂੰ **ਕਿਸੇ ਹੋਰ ਕਿਸਮ ਦੀ ਆਮਦਨੀ*** ਪ੍ਰਾਪਤ ਹੋਈ ਸੀ।<br>ਆਈਟਮਾਂ 6a ਅਤੇ 6b ਬਾਰੇ ਜਾਣਕਾਰੀ ਦਾਖਲ ਕਰੋ। |
| **"ਨਹੀਂ" ਵਿੱਚ ਜਵਾਬ ਦਿਓ ਜੇਕਰ ਤੁਸੀਂ ਇਸਦੀ ਵਰਤੋਂ ਕਰ ਰਹੇ ਹੋ:** | **UI Online℠ ਦੀ** ਵਰਤੋਂ ਕਰ ਰਹੇ ਹੋ ਅਤੇ ਇਨ੍ਹਾਂ ਵਿੱਚੋਂ ਕੁਝ ਮੌਜੂਦ ਹੈ:<br>• ਤੁਸੀਂ ਕੰਮ ਨਹੀਂ ਕੀਤਾ ਸੀ।<br>• ਤੁਸੀਂ **ਕੀਤੇ ਗਏ ਕੰਮ ਲਈ ਧਨ*** ਨਹੀਂ ਕਮਾਇਆ ਸੀ।<br>• ਤੁਸੀਂ ਕੰਮ ਨਹੀਂ ਕੀਤਾ ਸੀ, ਪਰ ਤੁਹਾਨੂੰ **ਕਿਸੇ ਹੋਰ ਕਿਸਮ ਦੀ ਆਮਦਨੀ*** ਪ੍ਰਾਪਤ ਹੋਈ ਸੀ। ਜਦੋਂ ਤੁਸੀਂ "ਨਹੀਂ" ਵਿੱਚ ਜਵਾਬ ਦਿੰਦੇ ਹੋ, ਤਾਂ ਤੁਹਾਨੂੰ UI Online℠ ਵਿੱਚ ਹੋਰ ਕਿਸਮਾਂ ਦੀਆਂ ਆਮਦਨੀਆਂ ਦਾਖਲ ਕਰਨ ਲਈ ਇਕ ਹੋਰ ਖੰਡ ਮੁਹੱਈਆ ਕੀਤਾ ਜਾਵੇਗਾ। | **ਪੇਪਰ *Continued Claim Form* (*ਨਿਰੰਤਰ ਦਾਅਵਾ ਫਾਰਮ*) ਦੀ ਵਰਤੋਂ ਕਰ ਰਹੇ ਹੋ ਅਤੇ ਇਹ ਸਭ ਮੌਜੂਦ ਹਨ:**<br>• ਤੁਸੀਂ ਕੰਮ ਨਹੀਂ ਕੀਤਾ ਸੀ।<br>• ਤੁਸੀਂ ਕੀਤੇ ਗਏ ਕੰਮ ਲਈ ਧਨ ਨਹੀਂ ਕਮਾਇਆ ਸੀ।<br>• ਤੁਹਾਨੂੰ ਕਿਸੇ ਹੋਰ ਕਿਸਮ ਦੀ ਆਮਦਨੀ ਪ੍ਰਾਪਤ ਨਹੀਂ ਹੋਈ ਸੀ।<br>ਆਈਟਮਾਂ 6a ਅਤੇ 6b ਬਾਰੇ ਜਾਣਕਾਰੀ ਦਾਖਲ **ਨਾ** ਕਰੋ। |
| **ਵੇਰਵਾ:** | • ਤੁਹਾਨੂੰ ਸਾਰੇ ਕੰਮਾਂ ਅਤੇ ਕਮਾਈਆਂ (ਕੀਤੇ ਗਏ ਕੰਮ ਲਈ ਧਨ ਅਤੇ ਕਿਸੇ ਹੋਰ ਕਿਸਮ ਦੀ ਆਮਦਨੀ) ਦੀ ਜਾਣਕਾਰੀ ਦੇਣੀ ਪਵੇਗੀ, **ਭਾਵੇਂ ਤੁਹਾਨੂੰ ਮਾਲਕ ਤੋਂ ਭੁਗਤਾਨ ਪ੍ਰਾਪਤ ਨਹੀਂ ਹੋਇਆ ਹੈ।**<br>***ਕੀਤੇ ਗਏ ਕੰਮ ਲਈ ਧਨ:** ਇਸ ਵਿੱਚ ਨੇਮੀ ਕਮਾਈਆਂ, ਇਨ-ਹੋਮ ਸਪੋਰਟ ਸਰਵਿਸਿਜ਼, ਬਖ਼ਸ਼ੀਸ਼ਾਂ, ਕਮੀਸ਼ਨਾਂ, ਮਿਲਿਟਰੀ ਭੁਗਤਾਨ, ਸਵੈ-ਰੁਜ਼ਗਾਰ ਜਾਂ ਸੁਤੰਤਰ ਠੇਕਾ ਕਾਰਜ ਭੁਗਤਾਨ, ਕੰਮ ਦੇ ਬਦਲੇ ਮੁਹੱਈਆ ਕੀਤਾ ਗਿਆ ਭੋਜਨ ਅਤੇ ਰਿਹਾਇਸ਼, ਵਜ਼ੀਫ਼ੇ, ਕਾਰਪੋਰੇਟ ਜਾਂ ਯੂਨੀਅਨ ਅਫ਼ਸਰ ਭੁਗਤਾਨ, ਪਿਕੇਟ ਡਿਊਟੀ ਭੁਗਤਾਨ, ਅਤੇ ਪੀਸ ਦਰ ਭੁਗਤਾਨ ਸ਼ਾਮਲ ਹਨ।<br>***ਹੋਰ ਕਿਸਮ ਦੀ ਜਾਣਕਾਰੀ:** ਇਸ ਵਿੱਚ ਪੈਨਸ਼ਨਾਂ, ਬਕਾਇਆ ਵੇਤਨ, ਹੋਲਡਿੰਗ ਫ਼ੀਸ, ਵੱਖਰੇਵਾਂ ਭੁਗਤਾਨ, ਛੁੱਟੀ ਲਈ ਭੁਗਤਾਨ, ਜਿਊਰੀ ਡਿਊਟੀ, ਭੁਗਤਾਨ, ਬਿਮਾਰੀ ਛੁੱਟੀ ਲਈ ਭੁਗਤਾਨ, ਅਵਕਾਸ਼ ਲਈ ਭੁਗਤਾਨ, ਮਜ਼ਦੂਰਾਂ ਲਈ ਮੁਆਵਜ਼ਾ, ਬੋਨਸ, ਪੂਰਵ ਭੁਗਤਾਨ ਅਨੁਦਾਨ, ਗਵਾਹ ਦੀ ਫ਼ੀਸ, ਮੁਨਾਫ਼ਾ ਵੰਡ, ਰੌਇਲਟੀਆਂ, ਹੜਤਾਲ-ਸਬੰਧੀ ਲਾਭ, ਆਦਿ ਸ਼ਾਮਲ ਹਨ। | |

**ਸਵਾਲ 6, ਆਈਟਮ 6A:** **ਇੱਥੇ ਕਟੌਤੀਆਂ ਤੋਂ ਪਹਿਲਾਂ ਦੀਆਂ ਕਮਾਈਆਂ ਭਰੋ।**

**ਹਿਦਾਇਤਾਂ**

- **ਕੁੱਲ ਕਮਾਈ:** ਕੁੱਲ ਕਮਾਈ (**ਟੈਕਸ ਜਾਂ ਕਿਸੇ ਹੋਰ ਕਟੌਤੀਆਂ ਤੋਂ ਪਹਿਲਾਂ** ਕਮਾਈ ਗਈ ਪੂਰੀ ਰਕਮ ਜਾਂ ਆਮਦਨੀ) ਦੀ ਜਾਣਕਾਰੀ ਦਿਓ। ਜੇਕਰ ਤੁਸੀਂ ਕੁੱਲ ਕਮਾਈ ਨਹੀਂ ਜਾਣਦੇ, ਤਾਂ ਆਪਣੇ ਮਾਲਕ ਨਾਲ ਸੰਪਰਕ ਕਰੋ।
- **ਐਤਵਾਰ ਤੋਂ ਲੈ ਕੇ ਸ਼ਨਿੱਚਰਵਾਰ ਦੀ ਜਾਣਕਾਰੀ:** ਤੁਹਾਨੂੰ ਪ੍ਰਮਾਣੀਕਰਨ ਫਾਰਮ ਦੀ ਐਤਵਾਰ ਦੀ ਸ਼ੁਰੂਆਤੀ ਮਿਤੀ ਅਤੇ ਸ਼ਨਿੱਚਰਵਾਰ ਦੀ ਅੰਤਿਮ ਮਿਤੀ ਦੇ ਮੁਤਾਬਕ ਆਪਣੇ ਕੰਮ ਅਤੇ ਕਮਾਈ ਦੀ ਜਾਣਕਾਰੀ ਦੇਣੀ ਪਵੇਗੀ। ਜੇਕਰ ਤੁਹਾਡੀ ਤਨਖਾਹ ਦਾ ਹਫ਼ਤਾ ਐਤਵਾਰ ਤੋਂ ਲੈ ਕੇ ਸ਼ਨਿੱਚਰਵਾਰ ਤੱਕ ਨਹੀਂ ਹੈ, ਤਾਂ EDD ਇਹ ਸੁਝਾਅ ਦਿੰਦਾ ਹੈ ਕਿ ਠੀਕ ਤਰ੍ਹਾਂ ਕੰਮ ਅਤੇ ਕਮਾਈ ਦੀ ਜਾਣਕਾਰੀ ਦੇਣ ਲਈ ਤੁਸੀਂ ਹਰ ਦਿਨ ਵਿੱਚ ਕੀਤੇ ਗਏ ਕੰਮ ਅਤੇ ਰਕਮ ਦਾ ਰਿਕਾਰਡ ਰੱਖੋ।
- **ਕਮਾਈ ਦਾ ਹਿਸਾਬ ਲਗਾਉਣਾ:** ਤੁਹਾਨੂੰ ਕਿਸੇ ਵੀ ਕਟੌਤੀ ਤੋਂ ਪਹਿਲਾਂ ਆਪਣੀ ਕੁੱਲ ਕਮਾਈ ਦੀ ਜਾਣਕਾਰੀ ਦੇਣੀ ਪਵੇਗੀ। ਜ਼ਿਆਦਾਤਰ ਸਥਿਤੀਆਂ ਵਿੱਚ, ਤੁਸੀਂ ਆਪਣੇ ਕੁੱਲ ਵੇਤਨ ਨੂੰ ਕੰਮ ਕੀਤੇ ਘੰਟਿਆਂ ਨਾਲ ਗੁਣਾ ਕਰਕੇ ਰਾਸ਼ੀ ਦੀ ਗਣਨਾ ਕਰ ਸਕਦੇ ਹੋ। ਉਦਾਹਰਨ ਲਈ, ਜੇਕਰ ਤੁਸੀਂ ਆਪਣੇ *Continued Claim Form (ਨਿਰੰਤਰ ਦਾਅਵਾ ਫਾਰਮ)* ਵਿੱਚ ਐਤਵਾਰ ਤੋਂ ਲੈ ਕੇ ਸ਼ਨਿੱਚਰਵਾਰ ਦੀ ਮਿਆਦ ਵਿੱਚ 10 ਘੰਟੇ ਕੰਮ ਕੀਤਾ ਅਤੇ ਤੁਹਾਨੂੰ $12 ਪ੍ਰਤੀ ਘੰਟਾ ਭੁਗਤਾਨ ਕੀਤਾ ਜਾਂਦਾ ਹੈ, ਤਾਂ ਜਾਣਕਾਰੀ ਦੇਣ ਲਈ ਤੁਹਾਡਾ ਵੇਤਨ $120 ਹੋਵੇਗਾ। ਉਸ ਅਸਲੀ ਹਫ਼ਤੇ ਲਈ ਆਪਣੇ ਵੇਤਨ ਦੀ ਜਾਣਕਾਰੀ ਦਿਓ ਜਦੋਂ ਤੁਸੀਂ ਕੰਮ ਕੀਤਾ ਅਤੇ ਵੇਤਨ ਕਮਾਇਆ ਸੀ — ਓਦੋਂ ਨਹੀਂ ਜਦੋਂ ਤੁਸੀਂ ਆਪਣਾ ਵੇਤਨ ਪ੍ਰਾਪਤ ਕਰਦੇ ਹੋ।
- **ਇਕ ਤੋਂ ਜ਼ਿਆਦਾ ਮਾਲਕ:** ਜੇਕਰ ਤੁਸੀਂ ਇਕ ਤੋਂ ਜ਼ਿਆਦਾ ਮਾਲਕਾਂ ਲਈ ਕੰਮ ਕੀਤਾ ਸੀ, ਤਾਂ ਕੁੱਲ ਕਮਾਈ ਦੱਸਣ ਲਈ ਹਰ ਮਾਲਕ ਤੋਂ ਕਮਾਈ ਨੂੰ ਜੋੜੋ। ਉਦਾਹਰਨ ਲਈ, ਜੇਕਰ ਤੁਸੀਂ ਆਪਣੇ *Continued Claim Form (ਨਿਰੰਤਰ ਦਾਅਵਾ ਫਾਰਮ)* ਵਿੱਚ ਐਤਵਾਰ ਤੋਂ ਲੈ ਕੇ ਸ਼ਨਿੱਚਰਵਾਰ ਦੀ ਮਿਆਦ ਵਿੱਚ $10 ਪ੍ਰਤੀ ਘੰਟੇ 'ਤੇ ABC ਕੰਪਨੀ ਲਈ 10 ਘੰਟੇ ਕੰਮ ਕੀਤਾ ਸੀ ਅਤੇ $10 ਪ੍ਰਤੀ ਘੰਟੇ 'ਤੇ XYZ ਕੰਪਨੀ ਲਈ 12 ਘੰਟੇ ਕੰਮ ਕੀਤਾ ਸੀ, ਤਾਂ ਜਾਣਕਾਰੀ ਦੇਣ ਲਈ ਤੁਹਾਡਾ ਕੁੱਲ ਵੇਤਨ $220 ਹੋਵੇਗਾ।
- **$999.99 ਤੋਂ ਜ਼ਿਆਦਾ ਕਮਾਈ:** ਜੇਕਰ ਤੁਹਾਡੀ ਕਮਾਈ $1,000.00 ਜਾਂ ਇਸ ਤੋਂ ਵੱਧ ਹੈ, ਤਾਂ ਬਕਸਿਆਂ ਵਿੱਚ $999.99 ਭਰੋ।
- **ਥੋੜ੍ਹੇ-ਸਮੇਂ ਜਾਂ ਪੂਰੇ-ਸਮੇਂ ਦਾ ਕੰਮ:** ਜੇਕਰ ਤੁਸੀਂ ਪਾਰਟ ਟਾਇਮ ਕੰਮ ਕਰਦੇ ਹੋ, ਤਾਂ ਤੁਸੀਂ ਘੱਟ UI ਲਾਭ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ, ਭਾਂਵੇ ਤੁਹਾਡੀ ਕਮਾਈ ਤੁਹਾਡੀ ਹਫ਼ਤਾਵਾਰੀ ਲਾਭ ਰਾਸ਼ੀ ਤੋਂ ਜ਼ਿਆਦਾ ਵੀ ਹੋਵੇ। EDD ਤੁਹਾਡੀ ਹਫ਼ਤੇਵਾਰ ਲਾਭ ਦੀ ਰਕਮ ਵਿੱਚੋਂ ਕੱਟੀ ਜਾਣ ਵਾਲੀ ਰਕਮ ਦਾ ਹਿਸਾਬ ਲਗਾਏਗਾ ਅਤੇ ਤੁਹਾਨੂੰ ਅੰਤਰ, ਜੇਕਰ ਕੋਈ ਹੈ, ਤਾਂ ਭੁਗਤਾਨ ਕੀਤਾ ਜਾਵੇਗਾ। ਜੇਕਰ EDD ਇਹ ਨਿਰਧਾਰਤ ਕਰਦਾ ਹੈ ਕਿ ਤੁਸੀਂ ਬਹੁਤ ਜ਼ਿਆਦਾ ਧਨ ਕਮਾਇਆ ਕਿ ਤੁਹਾਨੂੰ ਭੁਗਤਾਨ ਕੀਤੇ ਲਾਭ ਨਹੀਂ ਮਿਲਣੇ ਚਾਹੀਦੇ ਜਾਂ ਤੁਸੀਂ ਪੂਰੇ-ਸਮੇਂ ਦੇ ਕੰਮ 'ਤੇ ਵਾਪਸ ਆ ਗਏ, ਤਾਂ ਤੁਹਾਡਾ UI ਦਾਅਵਾ ਨਿਸ਼ਕਿਰਿਆ ਹੋ ਸਕਦਾ ਹੈ। EDD ਤੁਹਾਨੂੰ ਸੂਚਿਤ ਕਰੇਗਾ ਕਿ ਤੁਸੀਂ ਬਹੁਤ ਜ਼ਿਆਦਾ ਧਨ ਕਮਾਇਆ ਅਤੇ ਤੁਹਾਨੂੰ ਅਗਲੇ ਹਫ਼ਤੇ ਲਈ ਪ੍ਰਮਾਣੀਕਰਨ ਪ੍ਰਾਪਤ ਨਹੀਂ ਹੋਵੇਗਾ। ਜੇਕਰ ਤੁਸੀਂ ਲਾਭਾਂ ਲਈ ਮੁੜ ਪ੍ਰਮਾਣਿਤ ਹੋਣਾ ਚਾਹੁੰਦੇ ਹੋ, ਤਾਂ ਤੁਹਾਨੂੰ ਪਹਿਲਾਂ ਆਪਣਾ ਦਾਅਵਾ ਮੁੜ ਖੋਲ੍ਹਣਾ ਪਵੇਗਾ। ਤੁਹਾਡੇ ਦਾਅਵੇ ਨੂੰ ਮੁੜ ਖੋਲ੍ਹਣ ਬਾਰੇ ਜਾਣਕਾਰੀ ਲਈ ਪੰਨਾ 6 ਵੇਖੋ।
- **EDD ਨੂੰ ਗਲਤੀਆਂ ਦੀ ਜਾਣਕਾਰੀ ਦਿਓ:** ਜੇਕਰ ਤੁਸੀਂ ਆਪਣੀ ਕਮਾਈ ਦੀ ਗਲਤ ਜਾਣਕਾਰੀ ਦਿੱਤੀ ਹੈ, ਤਾਂ ਫ਼ੌਰਨ EDD ਨਾਲ ਸੰਪਰਕ ਕਰੋ।

**ਸਵਾਲ 6, ਆਈਟਮ 6B:** **ਰੁਜ਼ਗਾਰ ਜਾਂ ਕਮਾਈ ਦੇ ਸਰੋਤਾਂ ਦੀ ਜਾਣਕਾਰੀ ਦੇਣਾ।**

**ਹਿਦਾਇਤਾਂ:**

ਤੁਹਾਨੂੰ ਪ੍ਰਮਾਣੀਕਰਨ ਫਾਰਮ ਦੀ **ਐਤਵਾਰ ਦੀ ਸ਼ੁਰੂਆਤੀ ਮਿਤੀ ਅਤੇ ਸ਼ਨਿੱਚਰਵਾਰ ਦੀ ਅੰਤਿਮ ਮਿਤੀ** ਦੇ ਮੁਤਾਬਕ ਆਪਣੇ ਮਾਲਕ ਜਾਂ ਕਮਾਈ ਦੇ ਸਰੋਤ ਦੀ ਜਾਣਕਾਰੀ ਦੇਣੀ ਪਵੇਗੀ।

- **ਕੰਮ ਕਰਨ ਦੀ ਅੰਤਿਮ ਤਾਰੀਖ:** ਕੰਮ ਕਰਨ ਦੀ ਅੰਤਿਮ ਤਾਰੀਖ ਦਾਖਲ ਕਰੋ। ਜੇਕਰ ਤੁਸੀਂ ਇੱਕੋ ਹਫ਼ਤੇ ਦੌਰਾਨ ਇੱਕ ਤੋਂ ਵੱਧ ਮਾਲਕਾਂ ਕੋਲ ਕੰਮ ਕੀਤਾ ਹੈ, ਤਾਂ ਹਫ਼ਤੇ ਦੌਰਾਨ ਅੰਤਿਮ ਦਿਨ ਨੂੰ ਆਪਣੇ ਸਰੀਰਿਕ ਤੌਰ ਤੇ ਕੀਤੇ ਕੰਮ ਨੂੰ ਦਾਖਲ ਕਰੋ ਅਤੇ ਪਿਛਲੇ ਮਾਲਕ ਦਾ ਨਾਮ ਅਤੇ ਪਤਾ ਲਿੱਖੋ ਜਿਸ ਲਈ ਤੁਸੀਂ ਉਸ ਹਫ਼ਤੇ ਦੌਰਾਨ ਸਰੀਰਕ ਤੌਰ 'ਤੇ ਕੰਮ ਕੀਤਾ।
- **ਕੰਮ ਕਰਨ ਦੇ ਕੁੱਲ ਘੰਟੇ:** ਕੰਮ ਕਰਨ ਦੇ ਕੁੱਲ ਘੰਟੇ ਦਾਖਲ ਕਰੋ। ਕਿਸੇ ਹਫ਼ਤੇ ਵਿੱਚ ਕੰਮ ਕਰਨ ਦੇ ਕੁੱਲ ਘੰਟੇ ਮੁਹੱਈਆ ਕਰਨ ਲਈ ਹਰ ਮਾਲਕ ਲਈ ਘੰਟਿਆਂ ਨੂੰ ਜੋੜੋ। ਉਦਾਹਰਨ ਲਈ, ਜੇਕਰ ਤੁਸੀਂ ABC ਕੰਪਨੀ ਲਈ 10 ਘੰਟੇ ਕੰਮ ਕੀਤਾ ਸੀ ਅਤੇ XYZ ਕੰਪਨੀ ਲਈ 12 ਘੰਟੇ ਕੰਮ ਕੀਤਾ ਸੀ, ਤਾਂ ਇਸ ਹਫ਼ਤੇ ਕੰਮ ਕਰਨ ਦੇ ਕੁੱਲ 22 ਘੰਟਿਆਂ ਦੀ ਜਾਣਕਾਰੀ ਦਿਓ। ਜੇਕਰ ਤੁਸੀਂ ਕੰਮ ਨਹੀਂ ਕੀਤਾ ਸੀ, ਤਾਂ ਇਸ ਬਕਸੇ ਨੂੰ ਖਾਲੀ ਛੱਡ ਦਿਓ।
- **ਮਾਲਕ ਦਾ ਨਾਮ ਅਤੇ ਡਾਕ ਪਤਾ:** ਆਪਣੇ ਮਾਲਕ ਦੀ ਜਾਣਕਾਰੀ ਜਾਂ ਆਪਣੀ ਕਮਾਈ ਦਾ ਸਰੋਤ (ਤੁਸੀਂ ਉਹ ਆਮਦਨੀ ਕਿਸ ਤੋਂ ਪ੍ਰਾਪਤ ਕੀਤੀ) ਦਾਖਲ ਕਰੋ।
- **ਫਿਲਹਾਲ ਕੰਮ ਨਾ ਕਰਨ ਦਾ ਕਾਰਨ:** ਜੇਕਰ ਤੁਹਾਨੂੰ ਕੀਤੇ ਗਏ ਕੰਮ ਲਈ ਵੇਤਨ ਪ੍ਰਾਪਤ ਹੋਇਆ ਸੀ ਅਤੇ ਹੁਣ ਕੰਮ ਨਹੀਂ ਕਰ ਰਹੇ ਹੋ, ਤਾਂ ਹੁਣ ਕੰਮ ਨਾ ਕਰਨ ਦਾ ਕਾਰਨ ਦਾਖਲ ਕਰੋ। ਜੇਕਰ ਤੁਹਾਨੂੰ ਵੇਤਨ ਪ੍ਰਾਪਤ ਹੋਇਆ ਸੀ ਅਤੇ ਅਜੇ ਵੀ ਕੰਮ ਕਰ ਰਹੇ ਹੋ, ਤਾਂ **"still working."** (ਅਜੇ ਵੀ ਕੰਮ ਕਰ ਰਿਹਾ/ਰਹੀ ਹਾਂ) ਦਾਖਲ ਕਰੋ। ਜੇਕਰ ਤੁਹਾਨੂੰ ਹੋਰ ਕਿਸਮਾਂ ਦੀ ਆਮਦਨੀ ਪ੍ਰਾਪਤ ਹੋਈ ਸੀ, ਪਰ ਤੁਸੀਂ ਕੰਮ ਨਹੀਂ ਕੀਤਾ ਸੀ, ਤਾਂ ਤੁਹਾਨੂੰ ਪ੍ਰਾਪਤ ਹੋਈ ਆਮਦਨੀ ਦੀ ਕਿਸਮ ਦਾਖਲ ਕਰੋ (ਉਦਾਹਰਨ ਲਈ, ਵੱਖਰੇਵਾਂ, ਇਸਦੇ-ਬਦਲੇ-ਦੀ-ਸੂਚਨਾ ਦਾ ਭੁਗਤਾਨ, ਬਕਾਇਆ ਭੁਗਤਾਨ, ਆਦਿ)
- **ਵਾਧੂ ਜਾਣਕਾਰੀ:** ਵਾਧੂ ਜਾਣਕਾਰੀ ਅਤੇ ਵੇਤਨ ਦੀ ਜਾਣਕਾਰੀ ਦੇਣ ਦੇ ਉਦਾਹਰਨਾਂ ਲਈ, **www.edd.ca.gov/unemployment** 'ਤੇ EDD ਦੀ ਵੈੱਬਸਾਈਟ 'ਤੇ UI ਲਾਭਾਂ ਲਈ ਪ੍ਰਮਾਣਿਤ ਹੋਵੋ ਪੰਨੇ 'ਤੇ ਜਾਓ।

**ਸਵਾਲ 7:** **ਫੈਡਰਲ ਆਮਦਨ ਕਰ।**

**ਹਿਦਾਇਤਾਂ:**

ਬੇਰੁਜ਼ਗਾਰੀ ਬੀਮਾ ਟੈਕਸਯੋਗ ਆਮਦਨੀ ਹੈ ਅਤੇ ਤੁਹਾਡੀ ਫੈਡਰਲ ਇਨਕਮ ਟੈਕਸ ਰਿਟਰਨ ਵਿੱਚ ਇਸਦੀ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ। (ਵਧੇਰੀ ਜਾਣਕਾਰੀ ਲਈ, ਤੁਹਾਨੂੰ ਅੰਦਰੂਨੀ ਆਮਦਨੀ ਸੇਵਾ ਜਾਂ ਤੁਹਾਡੇ ਟੈਕਸ ਸਲਾਹਕਾਰ ਨਾਲ ਸੰਪਰਕ ਕਰਨਾ ਚਾਹੀਦਾ ਹੈ।) ਤੁਸੀਂ ਆਪਣੇ UI ਲਾਭਾਂ ਤੋਂ ਫੈਡਰਲ ਇਨਕਮ ਟੈਕਸ ਨੂੰ ਕੱਟਵਾਉਣ ਦੀ ਚੋਣ ਕਰ ਸਕਦੇ ਹੋ। ਜੇਕਰ ਤੁਸੀਂ ਹਫ਼ਤੇ(ਆਂ) ਲਈ ਆਪਣੇ UI ਲਾਭਾਂ ਤੋਂ ਫੈਡਰਲ ਇਨਕਮ ਟੈਕਸ ਨੂੰ ਕੱਟਵਾਉਣਾ ਚਾਹੁੰਦੇ ਹੋ, ਤਾਂ UI Online[SM] ਜਾਂ ਪੇਪਰ ਫਾਰਮ 'ਤੇ ਬਕਸਿਆਂ ਵਿੱਚ ਨਿਸ਼ਾਨ ਲਗਾਓ, ਜਾਂ EDD Tele-Cert[SM] 'ਤੇ "ਹਾਂ" ਵਿੱਚ ਜਵਾਬ ਦਿਓ। ਜੇਕਰ ਤੁਸੀਂ ਫੈਡਰਲ ਇਨਕਮ ਟੈਕਸ ਨੂੰ ਕੱਟਵਾਉਣਾ ਨਹੀਂ ਚਾਹੁੰਦੇ, ਤਾਂ UI Online[SM] ਜਾਂ ਪੇਪਰ ਫਾਰਮ 'ਤੇ ਇਸ ਬਕਸੇ ਨੂੰ ਖਾਲੀ ਛੱਡ ਦਿਓ, ਜਾਂ EDD Tele-Cert[SM] 'ਤੇ "ਨਹੀਂ" ਵਿੱਚ ਜਵਾਬ ਦਿਓ।

**ਸਵਾਲ 8:** **ਡਾਕ ਪਤੇ ਜਾਂ ਫ਼ੋਨ ਨੰਬਰ ਵਿੱਚ ਤਬਦੀਲੀ।**

**ਹਿਦਾਇਤਾਂ:**

EDD ਕੋਲ ਆਪਣੇ ਡਾਕ ਪਤੇ ਜਾਂ ਫ਼ੋਨ ਨੰਬਰ ਵਿੱਚ ਬਦਲਾਵ ਕਰਨ ਲਈ ਤੁਸੀਂ UI Online[SM] ਜਾਂ ਪੇਪਰ ਫਾਰਮ ਦੀ ਵਰਤੋਂ ਕਰ ਸਕਦੇ ਹੋ। ਤੁਹਾਡੇ ਡਾਕ ਪਤੇ ਜਾਂ ਫ਼ੋਨ ਨੰਬਰ ਵਿੱਚ ਬਦਲਾਵ ਕਰਨ ਦਾ ਸਭ ਤੋਂ ਤੇਜ਼ ਤਰੀਕਾ **www.edd.ca.gov/UI_Online** 'ਤੇ UI Online[SM] ਰਾਹੀਂ ਹੈ। ਤੁਸੀਂ ਕਿਸੇ ਵੀ ਸਮੇਂ UI Online[SM] ਰਾਹੀਂ ਆਪਣੇ ਡਾਕ ਪਤੇ ਜਾਂ ਫ਼ੋਨ ਨੰਬਰ ਨੂੰ ਅਪਡੇਟ ਕਰ ਸਕਦੇ ਹੋ। ਜੇਕਰ ਤੁਸੀਂ ਪੇਪਰ ਫਾਰਮ ਦੀ ਵਰਤੋਂ ਰਾਹੀਂ ਪ੍ਰਮਾਣਿਤ ਹੋ ਸਕਦੇ ਹੋ, ਤਾਂ ਬਕਸੇ 'ਤੇ ਨਿਸ਼ਾਨ ਲਗਾਓ ਅਤੇ ਫਾਰਮ ਦੇ ਪਿਛਲੇ ਪਾਸੇ ਜਾਣਕਾਰੀ ਪੂਰੀ ਕਰੋ।

## ➲ ਲਾਭਾਂ ਦੇ ਭੁਗਤਾਨ ਪ੍ਰਾਪਤ ਕਰਨਾ

ਇਸਤੋਂ ਪਹਿਲਾਂ ਕਿ ਤੁਹਾਨੂੰ UI ਲਾਭਾਂ ਲਈ ਭੁਗਤਾਨ ਕੀਤਾ ਜਾਵੇ ਤੁਹਾਨੂੰ ਆਪਣੇ ਦਾਅਵੇ 'ਤੇ ਇਕ-ਹਫ਼ਤੇ ਦੀ ਅਵੇਤਨਕ ਉਡੀਕ ਦੀ ਮਿਆਦ ਪੂਰੀ ਕਰਨੀ ਪਵੇਗੀ। ਉਡੀਕ ਦੀ ਮਿਆਦ ਸਿਰਫ਼ ਓਦੋਂ ਪੂਰੀ ਕੀਤੀ ਜਾ ਸਕਦੀ ਹੈ ਜੇਕਰ ਤੁਸੀਂ ਲਾਭਾਂ ਲਈ ਪ੍ਰਮਾਣਿਤ ਹੁੰਦੇ ਹੋ ਅਤੇ ਉਸ ਹਫ਼ਤੇ ਲਈ ਯੋਗਤਾ ਦੀਆਂ ਸਾਰੀਆਂ ਸ਼ਰਤਾਂ ਨੂੰ ਪੂਰਾ ਕਰਦੇ ਹੋ। ਜੇਕਰ ਤੁਸੀਂ ਦੋਵੇਂ ਹਫ਼ਤਿਆਂ ਲਈ ਯੋਗਤਾ ਦੀਆਂ ਸ਼ਰਤਾਂ ਨੂੰ ਪੂਰਾ ਕਰਦੇ ਹੋ ਤਾਂ ਆਮ ਤੌਰ 'ਤੇ ਤੁਹਾਡੇ ਪਹਿਲੇ ਪ੍ਰਮਾਣੀਕਰਨ ਵਿੱਚ ਇਕ-ਹਫ਼ਤੇ ਦੀ ਅਵੇਤਨਕ ਉਡੀਕ ਦੀ ਮਿਆਦ ਅਤੇ ਇਕ ਹਫ਼ਤੇ ਦਾ ਭੁਗਤਾਨ ਸ਼ਾਮਲ ਹੋਣਗੇ। **ਲਾਭਾਂ ਲਈ ਭੁਗਤਾਨ ਹਾਸਲ ਕਰਨੇ ਜਾਰੀ ਰੱਖਣ ਲਈ ਹਰ ਦੋ ਹਫ਼ਤਿਆਂ ਬਾਅਦ ਲਾਭਾਂ ਲਈ ਪ੍ਰਮਾਣਿਤ ਹੋਵੋ।**

ਤੁਹਾਡੇ ਕੋਲ ਇਹ ਚੋਣ ਕਰਨ ਦਾ ਵਿਕਲਪ ਹੁੰਦਾ ਹੈ ਕਿ ਤੁਸੀਂ ਆਪਣੇ ਲਾਭਾਂ ਦਾ ਭੁਗਤਾਨ ਕਿਵੇਂ ਪ੍ਰਾਪਤ ਕਰਨਾ ਚਾਹੁੰਦੇ ਹੋ, EDD ਲਾਭਾਂ ਦਾ ਭੁਗਤਾਨ EDD Debit Card℠ ਜਾਂ ਚੈਕ ਰਾਹੀਂ ਕਰਦਾ ਹੈ। ਤੁਹਾਡੇ ਲਾਭਾਂ ਨੂੰ ਪ੍ਰਾਪਤ ਕਰਨ ਲਈ EDD ਡੈਬਿਟ ਕਾਰਡ ਸਭ ਤੋਂ ਤੇਜ਼ ਅਤੇ ਸੁਰੱਖਿਅਤ ਤਰੀਕਾ ਹੈ। ਪਰ, ਤੁਹਾਡੇ ਲਈ EDD ਡੈਬਿਟ ਕਾਰਡ ਨੂੰ ਸਵੀਕਾਰ ਕਰਨਾ ਜਰੂਰੀ ਨਹੀਂ ਹੈ। ਜੇਕਰ ਤੁਸੀਂ ਪੇਪਰ ਚੈੱਕ ਰਾਹੀਂ ਆਪਣੇ ਲਾਭਾਂ ਨੂੰ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ EDD ਨਾਲ ਸੰਪਰਕ ਕਰੋ।

ਜੇਕਰ ਤੁਹਾਨੂੰ ਪਿਛਲੇ UI, ਅਪਾਹਜਤਾ ਬੀਮਾ, ਜਾਂ ਵੇਤਨਕ ਪਰਵਾਰਕ ਛੁੱਟੀ ਲਾਭਾਂ ਲਈ ਪਹਿਲਾਂ ਕੋਈ ਕਾਰਡ ਜਾਰੀ ਕੀਤਾ ਗਿਆ ਸੀ ਅਤੇ ਤੁਹਾਨੂੰ ਉਸਦੇ ਬਦਲੇ ਕਿਸੇ ਕਾਰਡ ਦੀ ਲੋੜ ਹੈ, ਤਾਂ ਇਨ੍ਹਾਂ ਨੰਬਰਾਂ 'ਤੇ ਫ਼ੋਨ ਕਰ ਕੇ Bank of America EDD Debit Card ਗਾਹਕ ਸੇਵਾ ਨਾਲ ਸੰਪਰਕ ਕਰੋ 1-866-692-9374 ਜਾਂ 1-866-656-5913 (TTY)।

## ➲ ਤੁਹਾਡੇ ਦਾਅਵੇ ਨੂੰ ਰੱਦ ਕਰਨਾ ਜਾਂ ਰੋਕਣਾ

ਤੁਸੀਂ ਸਿਰਫ਼ ਓਦੋਂ ਆਪਣਾ UI ਦਾਅਵਾ ਰੱਦ ਕਰ ਸਕਦੇ ਹੋ, ਜੇਕਰ ਤੁਹਾਡਾ ਦਾਅਵਾ ਖ਼ਤਮ ਨਹੀਂ ਹੋਇਆ ਹੈ, ਡਾਕ ਰਾਹੀਂ *Notice of Determination (ਨਿਰਧਾਰਨ ਦੀ ਸੂਚਨਾ)* ਨਹੀਂ ਭੇਜੀ ਗਈ ਹੈ, ਕਿਸੇ ਲਾਭਾਂ ਦਾ ਭੁਗਤਾਨ ਨਹੀਂ ਕੀਤਾ ਗਿਆ ਹੈ, ਅਤੇ ਦਾਅਵੇ 'ਤੇ ਕੋਈ ਵਾਧੂ ਭੁਗਤਾਨ ਤੈਅ ਨਹੀਂ ਕੀਤਾ ਗਿਆ ਹੈ। ਜੇਕਰ ਤੁਹਾਡਾ ਦਾਅਵਾ ਰੱਦ ਕਰ ਦਿੱਤਾ ਜਾਂਦਾ ਹੈ, ਤਾਂ ਤੁਸੀਂ ਬਾਅਦ ਦੀ ਕਿਸੇ ਤਾਰੀਖ ਵਿੱਚ ਨਵਾਂ UI ਦਾਅਵਾ ਦਾਇਰ ਕਰ ਸਕਦੇ ਹੋ। ਜੇਕਰ ਤੁਸੀਂ ਆਪਣੇ ਦਾਅਵੇ ਨੂੰ ਰੱਦ ਕਰਨਾ ਚਾਹੁੰਦੇ ਹੋ, ਤਾਂ ਫ਼ੌਰਨ EDD ਨਾਲ ਸੰਪਰਕ ਕਰੋ। UI ਲਾਭ ਇਕੱਠੇ ਕਰਨ ਤੋਂ ਬਾਅਦ ਤੁਸੀਂ ਦਾਅਵੇ ਨੂੰ ਰੱਦ ਨਹੀਂ ਕਰ ਸਕਦੇ ਅਤੇ ਤੁਹਾਡਾ ਦਾਅਵਾ ਖ਼ਤਮ ਹੋਣ ਤਕ ਨਵਾਂ UI ਦਾਅਵਾ ਦਾਇਰ ਨਹੀਂ ਕਰ ਸਕਦੇ। ਜੇਕਰ ਤੁਸੀਂ ਕੰਮ 'ਤੇ ਵਾਪਸ ਜਾਂਦੇ ਹੋ ਜਾਂ ਹੁਣ ਕੁਝ ਸਮੇਂ ਲਈ ਤੁਹਾਨੂੰ UI ਲਾਭਾਂ ਦੀ ਲੋੜ ਨਹੀਂ ਹੈ, ਤਾਂ ਬੱਸ ਪ੍ਰਮਾਣਿਤ ਹੋਣਾ ਬੰਦ ਕਰ ਦਿਓ। ਤੁਸੀਂ ਭਵਿੱਖ ਵਿੱਚ ਆਪਣੇ ਦਾਅਵੇ ਨੂੰ ਮੁੜ-ਖੋਲ੍ਹ ਸਕਦੇ ਹੋ ਜੇਕਰ ਅਜੇ ਵੀ ਲਾਭ ਉਪਲਬਧ ਹਨ ਅਤੇ ਤੁਹਾਡਾ ਦਾਅਵਾ ਖ਼ਤਮ ਨਹੀਂ ਹੋਇਆ ਹੈ।

## ➲ ਤੁਹਾਡੇ ਦਾਅਵੇ ਨੂੰ ਮੁੜ ਖੋਲ੍ਹਣਾ

ਜੇਕਰ ਤੁਸੀਂ ਲਾਭ ਪ੍ਰਾਪਤ ਕਰਨਾ ਬੰਦ ਕਰ ਦਿੱਤਾ ਹੈ ਅਤੇ ਹੁਣ ਤੁਹਾਨੂੰ ਮੁੜ ਪ੍ਰਮਾਣਿਤ ਹੋਣ ਦੀ ਲੋੜ ਹੈ, ਤਾਂ ਆਪਣੇ ਦਾਅਵੇ ਨੂੰ ਮੁੜ-ਖੋਲ੍ਹਣ ਵਿੱਚ ਦੇਰ ਨਾ ਕਰੋ। ਤੁਸੀਂ UI Online℠ ਰਾਹੀਂ, ਫ਼ੋਨ ਰਾਹੀਂ, ਜਾਂ ਫ਼ੈਕਸ ਰਾਹੀਂ ਆਪਣੇ ਦਾਅਵੇ ਨੂੰ ਮੁੜ-ਖੋਲ੍ਹ ਸਕਦੇ ਹੋ। ਤੁਹਾਡੇ ਦਾਅਵੇ ਨੂੰ ਮੁੜ-ਖੋਲ੍ਹਣ ਦਾ ਸਭ ਤੋਂ ਤੇਜ਼ ਤਰੀਕਾ **www.edd.ca.gov/UI_Online** 'ਤੇ UI Online℠ ਰਾਹੀਂ ਹੈ।

## ➲ ਲਾਭ-ਸਬੰਧੀ ਧੋਖਾਧੜੀ ਰੋਕਣਾ

ਅਜਿਹੇ ਕਿਸੇ ਵੀ ਦਾਅਵੇਦਾਰ, ਜੋ ਲਾਭ ਪ੍ਰਾਪਤ ਕਰਨ ਲਈ ਗਲਤ ਜਾਣਕਾਰੀ ਮੁਹੱਈਆ ਕਰਦਾ ਹੈ ਜਾਂ ਜਾਣਕਾਰੀ ਨੂੰ ਲੁਕਾਉਂਦਾ ਹੈ, ਦਾ ਗਲਤ ਬਿਆਨ ਅਯੋਗਤਾ ਜੁਰਮਾਨੇ ਲਈ ਮੁਲਾਂਕਣ ਕੀਤਾ ਜਾ ਸਕਦਾ ਹੈ ਜੋ ਉਸਨੂੰ 2 ਤੋਂ 23 ਹਫ਼ਤਿਆਂ ਤਕ ਲਾਭ ਮੁਹੱਈਆ ਕਰਨ ਤੋਂ ਇਨਕਾਰ ਕਰਦਾ ਹੈ। ਇਸਤੋਂ ਇਲਾਵਾ, ਜੇਕਰ ਵਾਧੂ ਭੁਗਤਾਨ ਲਈ ਦਾਅਵੇਦਾਰ ਦਾ ਮੁਲਾਂਕਣ ਕੀਤਾ ਜਾਂਦਾ ਹੈ, ਤਾਂ ਵਾਧੂ ਭੁਗਤਾਨ ਕੀਤੀ ਗਈ ਰਕਮ ਵਿੱਚ 30 ਫ਼ੀਸਦੀ ਆਰਥਿਕ ਜੁਰਮਾਨਾ ਜੋੜਿਆ ਜਾਵੇਗਾ।

EDD ਅਜਿਹੇ ਕਿਸੇ ਵੀ ਦਾਅਵੇਦਾਰ ਦੇ ਖ਼ਿਲਾਫ਼ ਅਪਰਾਧਕ ਇਲਜ਼ਾਮ ਵੀ ਲਗਾ ਸਕਦਾ ਹੈ ਜੋ ਗੈਰ-ਕਨੂੰਨੀ ਢੰਗ ਨਾਲ ਲਾਭ ਹਾਸਲ ਕਰ ਕੇ ਧੋਖਾਧੜੀ ਕਰਦਾ ਹੈ। ਇਨ੍ਹਾਂ ਇਲਜ਼ਾਮਾਂ ਦੇ ਨਤੀਜੇ ਵਜੋਂ ਵਾਧੂ ਜੁਰਮਾਨੇ, ਵਿਆਜ, ਅਤੇ ਸੰਭਾਵੀ ਤੌਰ 'ਤੇ ਜੇਲ ਦੀ ਸਜ਼ਾ ਹੋ ਸਕਦੀ ਹੈ। EDD ਅਜਿਹੇ ਦਾਅਵੇਦਾਰਾਂ ਨੂੰ ਪਛਾਣਨ ਲਈ ਧੋਖਾਧੜੀ ਖੋਜ ਸਿਸਟਮ ਦੀ ਵਰਤੋਂ ਕਰਦਾ ਹੈ ਜੋ ਕੰਮ ਕਰਦੇ ਹਨ ਅਤੇ ਕਮਾਈ ਦੀ ਜਾਣਕਾਰੀ ਦੇਣ 'ਚ ਨਾਕਾਮਯਾਬ ਰਹਿੰਦੇ ਹਨ। ਜੇਕਰ ਤੁਹਾਨੂੰ ਸ਼ੱਕ ਹੈ ਕਿ ਸੰਭਾਵੀ ਤੌਰ 'ਤੇ UI ਧੋਖਾਧੜੀ ਕੀਤੀ ਜਾ ਰਹੀ ਹੈ, ਤਾਂ ਤੁਸੀਂ 1-800-229-6297 'ਤੇ **EDD ਦੀ ਧੋਖਾਧੜੀ ਹਾਟਲਾਈਨ** 'ਤੇ ਕਾਲ ਕਰ ਕੇ ਉਸਦੀ ਜਾਣਕਾਰੀ ਦੇ ਸਕਦੇ ਹੋ ਜਾਂ **www.edd.ca.gov** 'ਤੇ EDD ਨਾਲ ਸੰਪਰਕ ਕਰੋ ਲਿੰਕ ਦੀ ਵਰਤੋਂ ਰਾਹੀਂ ਔਨਲਾਈਨ ਉਸਦੀ ਜਾਣਕਾਰੀ ਦੇ ਸਕਦੇ ਹੋ।

## ➲ ਤੁਹਾਨੂੰ ਪ੍ਰਾਪਤ ਹੋਣ ਵਾਲੇ ਫਾਰਮ ਅਤੇ ਸੂਚਨਾਵਾਂ

UI ਦਾਅਵਾ ਦਾਇਰ ਕਰਨ ਤੋਂ ਬਾਅਦ, ਤੁਹਾਨੂੰ ਹੇਠਾਂ ਦਿੱਤੀਆਂ ਗਈਆਂ ਸੂਚਨਾਵਾਂ ਅਤੇ ਫਾਰਮ ਡਾਕ ਰਾਹੀਂ ਪ੍ਰਾਪਤ ਹੋਣਗੇ।

- *Notice of Unemployment Insurance Claim Filed*, DE 1101 CLMT (ਬੇਰੁਜ਼ਗਾਰੀ ਬੀਮਾ ਦਾਅਵਾ ਦਾਇਰ ਕਰਨ ਦੀ ਸੂਚਨਾ): ਇਸ ਸੂਚਨਾ ਵਿੱਚ UI ਦਾਅਵਾ ਦਾਇਰ ਕਰਨ ਦੇ ਸਮੇਂ ਤੁਹਾਡੇ ਦੁਆਰਾ ਮੁਹੱਈਆ ਕੀਤੀ ਗਈ ਜਾਣਕਾਰੀ ਸ਼ਾਮਲ ਹੈ। ਜੇਕਰ ਕੋਈ ਜਾਣਕਾਰੀ ਗਲਤ ਹੈ, ਤਾਂ ਡਾਕ ਰਾਹੀਂ ਸੂਚਨਾ ਭੇਜਣ ਦੀ ਤਾਰੀਖ ਤੋਂ ਬਾਅਦ 10 ਦਿਨਾਂ ਦੇ ਅੰਦਰ EDD ਨਾਲ ਸੰਪਰਕ ਕਰੋ।

- *Notice of Unemployment Insurance Award*, DE 429Z (ਬੇਰੁਜ਼ਗਾਰੀ ਬੀਮਾ ਅਨੁਦਾਨ ਦੀ ਸੂਚਨਾ): ਇਸ ਸੂਚਨਾ ਵਿੱਚ, ਤੁਹਾਡੇ ਲਈ ਉਪਲਬਧ ਅਧਿਕਤਮ ਲਾਭ ਰਕਮ ਅਤੇ ਤੁਹਾਡੀ ਹਫ਼ਤੇਵਾਰ ਲਾਭ ਰਕਮ (ਜੇਕਰ ਤੁਸੀਂ ਲਾਭਾਂ ਲਈ ਯੋਗ ਹੋ ਤਾਂ ਹਰ ਹਫ਼ਤੇ ਕਟੌਤੀਆਂ ਤੋਂ ਪਹਿਲਾਂ ਤੁਹਾਨੂੰ ਮਿਲਣ ਵਾਲੀ ਰਕਮ) ਸਮੇਤ, ਤੁਹਾਡੇ ਦਾਅਵੇ ਬਾਰੇ ਜਾਣਕਾਰੀ ਸ਼ਾਮਲ ਹੈ। ਸੂਚਨਾ ਦੇ ਹੇਠਲੇ ਹਿੱਸੇ ਵਿੱਚ ਦਿੱਤੀ ਗਈ ਤਾਲਿਕਾ ਵਿੱਚ ਤੁਹਾਡੇ ਦੁਆਰਾ ਉਸ ਆਧਾਰ ਮਿਆਦ ਵਿੱਚ ਕਮਾਏ ਗਏ ਸਾਰੇ ਵੇਤਨ ਸ਼ਾਮਲ ਹਨ ਤੁਹਾਡਾ ਦਾਅਵਾ ਤੈਅ ਕਰਨ ਲਈ ਜਿਸਦੀ ਵਰਤੋਂ ਕੀਤੀ ਗਈ ਸੀ। ਜੇਕਰ ਤੁਹਾਨੂੰ ਲੱਗਦਾ ਹੈ ਕਿ ਵਿਖਾਏ ਗਏ ਵੇਤਨ ਗਲਤ ਹਨ, ਤਾਂ ਡਾਕ ਰਾਹੀਂ ਇਹ ਸੂਚਨਾ ਭੇਜਣ ਦੀ ਤਾਰੀਖ ਤੋਂ ਬਾਅਦ 30 ਦਿਨਾਂ ਦੇ ਅੰਦਰ EDD ਨਾਲ ਸੰਪਰਕ ਕਰੋ।

- *Continued Claim Form*, DE 4581 (ਨਿਰੰਤਰ ਦਾਅਵਾ ਫਾਰਮ): ਲਾਭਾਂ ਲਈ ਪ੍ਰਮਾਣਿਤ ਹੋਣ ਲਈ ਤੁਹਾਨੂੰ ਇਹ ਫਾਰਮ ਪ੍ਰਾਪਤ ਹੋਵੇਗਾ। ਡਾਕ ਰਾਹੀਂ ਇਹ ਫਾਰਮ ਭੇਜਣ ਦੀ ਬਜਾਏ, ਤੁਸੀਂ UI Online℠ ਦੀ ਵਰਤੋਂ ਰਾਹੀਂ ਔਨਲਾਈਨ ਜਾਂ EDD Tele-Cert℠ ਦੀ ਵਰਤੋਂ ਰਾਹੀਂ ਫ਼ੋਨ ਦੁਆਰਾ ਪ੍ਰਮਾਣਿਤ ਹੋ ਸਕਦੇ ਹੋ। ਇਹ **www.edd.ca.gov/UI_Online** 'ਤੇ UI Online℠ ਰਾਹੀਂ ਪ੍ਰਮਾਣਿਤ ਹੋਣ ਦਾ ਸਭ ਤੋਂ ਤੇਜ਼, ਸਭ ਤੋਂ ਸੌਖਾ ਤਰੀਕਾ ਹੈ।

- *Notice of Requirement to Register for Work*, DE 8405 (ਕੰਮ ਲਈ ਪੰਜੀਕਰਨ ਕਰਨ ਦੀ ਲੋੜ ਦੀ ਸੂਚਨਾ): ਇਹ ਸੂਚਨਾ ਤੁਹਾਨੂੰ ਇਹ ਸਲਾਹ ਦੇਣ ਲਈ ਹੈ ਕਿ UI ਲਾਭ ਪ੍ਰਾਪਤ ਕਰਨ ਦੇ ਯੋਗ ਹੋਣ ਲਈ ਤੁਹਾਨੂੰ CalJOBS℠ ਤੇ ਆਪਣਾ ਰੈਜ਼ਿਊਮੇ (ਬਾਯੋਡਾਟਾ) ਦਰਜ ਕਰਨਾ ਅਤੇ ਸੁਚਾਰੂ ਰੱਖਣਾ ਜ਼ਰੂਰੀ ਹੈ। CalJOBS℠ ਇਕ ਇੰਟਰਨੈੱਟ-ਆਧਾਰਿਤ ਵਰਚੁਅਲ ਕੰਮ ਕੇਂਦਰ ਹੈ ਜੋ ਤੁਹਾਡੇ ਕੈਰੀਅਰ ਨੂੰ ਪ੍ਰਬੰਧਿਤ ਕਰਨ ਵਿੱਚ ਮਦਦ ਕਰਨ ਲਈ ਹਜ਼ਾਰਾਂ ਨੌਕਰੀਆਂ ਅਤੇ ਸਾਧਨਾਂ ਤਕ ਪਹੁੰਚ ਮੁਹੱਈਆ ਕਰਦਾ ਹੈ। ਇਸ ਪ੍ਰੋਗਰਾਮ ਦੀ ਸ਼ਰਤ ਨੂੰ ਪੂਰਾ ਕਰਨ ਲਈ ਅੱਜ ਹੀ ਪੰਜੀਕਰਨ ਕਰਨ ਲਈ **www.CalJOBS.ca.gov** 'ਤੇ ਜਾਓ।

- *Employment Development Department (EDD) Customer Account Number*, DE 5614 (ਇੰਪਲੋਇਮੈਂਟ ਡਿਵੈਲਪਮੈਂਟ ਡਿਪਾਰਟਮੈਂਟ ਗਾਹਕ ਖਾਤਾ ਸੰਖਿਆ) : ਇਹ ਸੂਚਨਾ ਤੁਹਾਨੂੰ UI Online℠ ਲਈ ਪੰਜੀਕਰਨ ਕਰਦੇ ਸਮੇਂ ਵਰਤੀ ਜਾਣ ਵਾਲੀ ਬੇਜੋੜ, 10 ਅੰਕਾਂ ਦੀ ਬੇਤਰਤੀਬੀ ਢੰਗ ਨਾਲ ਅਸਾਈਨ ਕੀਤੀ ਗਈ ਸੰਖਿਆ ਮੁਹੱਈਆ ਕਰਦੀ ਹੈ। EDD ਗਾਹਕ ਖਾਤਾ ਸੰਖਿਆ ਤੁਹਾਡੀ ਪਛਾਣ ਦੀ ਰੱਖਿਆ ਕਰਨ ਅਤੇ ਧੋਖਾਧੜੀ ਨੂੰ ਰੋਕਣ ਅਤੇ ਉਸਦਾ ਪਤਾ ਲਗਾਉਣ ਲਈ ਵਾਧੂ ਸੁਰੱਖਿਆ ਹੈ।

ਤੁਹਾਨੰ ਉੱਪਰ ਸੂਚੀਬੱਧ ਕੀਤੇ ਗਏ ਫਾਰਮਾਂ ਅਤੇ ਸੂਚਨਾਵਾਂ ਤੋਂ ਇਲਾਵਾ ਦੂਜੇ ਫਾਰਮਾਂ ਅਤੇ ਸੂਚਨਾਵਾਂ ਪ੍ਰਾਪਤ ਹੋ ਸਕਦੀਆਂ ਹਨ ਜੇਕਰ ਤੁਹਾਡੀ ਅਰਜ਼ੀ ਵਿੱਚ ਕੋਈ ਸਮੱਸਿਆਵਾਂ ਹੋਣ, ਜੇਕਰ ਤੁਹਾਡੇ ਲਈ ਯੋਗਤਾ ਨਿਰਧਾਰਨ ਫ਼ੋਨ ਇੰਟਰਵਿਊ EDD ਦੇ ਨਾਲ ਤੈਅ ਕੀਤਾ ਗਿਆ ਹੈ, ਜਾਂ ਜੇਕਰ ਤੁਹਾਡੀ ਪਛਾਣ ਦੀ ਤਸਦੀਕ ਕਰਨ ਲਈ EDD ਨੂੰ ਵਾਧੂ ਜਾਣਕਾਰੀ ਦੀ ਲੋੜ ਹੈ।

### ਰੁਜ਼ਗਾਰ ਅਤੇ ਸਿਖਲਾਈ ਸੇਵਾਵਾਂ ਪ੍ਰਾਪਤ ਕਰਨਾ

ਰੁਜ਼ਗਾਰ ਅਤੇ ਸਿਖਲਾਈ ਸੇਵਾਵਾਂ, America's Job Centers of California℠ (AJCC) (ਅਮੇਰਿਕਾਜ਼ ਜੌਬ ਸੈਂਟਰਸ ਆੱਫ਼ ਕੈਲੀਫ਼ੋਰਨੀਆ) ਦੇ ਰਾਹੀਂ ਉਪਲਬਧ ਹਨ। ਆਪਣੇ ਨੇੜੇ ਕੋਈ ਥਾਂ ਲੱਭਣ ਲਈ **www.edd.ca.gov/Office_Locator** 'ਤੇ ਜਾਓ।

### ਕੈਲੀਫ਼ੋਰਨੀਆ ਸਿਖਲਾਈ ਦੇ ਲਾਭ

ਕੈਲੀਫ਼ੋਰਨੀਆ ਟਰੇਨਿੰਗ ਬੈਨੀਫਿਟਸ (CTB), ਬੇਰੁਜ਼ਗਾਰ ਬੀਮਾ (UI) ਦੇ ਯੋਗ ਦਾਅਵੇਦਾਰਾਂ ਨੂੰ UI ਲਾਭ ਪ੍ਰਾਪਤ ਕਰਨ ਦੇ ਨਾਲ-ਨਾਲ, ਆਪਣੀ ਸਿੱਖਿਆ ਨੂੰ ਅੱਗੇ ਵਧਾਉਣ, ਆਪਣੇ ਹੁਨਰਾਂ ਵਿੱਚ ਸੁਧਾਰ ਕਰਨ ਅਤੇ/ਜਾਂ ਕੋਈ ਨਵਾਂ ਰੁਜ਼ਗਾਰ ਸਿੱਖਣ ਦਾ ਮੌਕਾ ਦਿੰਦਾ ਹੈ। CTB ਬਾਰੇ ਵਧੇਰੇ ਜਾਣਕਾਰੀ ਲਈ, ਜਿਵੇਂ ਯੋਗਤਾ ਬਾਰੇ ਜਾਂ ਕਿਵੇਂ ਅਪਲਾਈ ਕਰਨਾ ਹੈ, **www.edd.ca.gov/CTB** ਤੇ ਜਾਓ।

### ਹੋਰ ਜਾਣਕਾਰੀ

UI ਪ੍ਰੋਗ੍ਰਾਮ ਅਤੇ ਤੁਹਾਨੂੰ ਪ੍ਰਾਪਤ ਹੋਣ ਵਾਲੀਆਂ ਹੋਰ ਸੂਚਨਾਵਾਂ ਬਾਰੇ ਵਧੇਰੀ ਜਾਣਕਾਰੀ ਹਾਸਲ ਕਰਨ ਲਈ **www.edd.ca.gov/unemployment** ਤੇ ਜਾਓ। UI ਲਾਭਾਂ ਲਈ ਤੁਹਾਡੇ ਹੱਕਾਂ ਅਤੇ ਜ਼ਿੰਮੇਵਾਰੀਆਂ ਬਾਰੇ ਵਧੇਰੀ ਬਿਓਰੇਵਾਰ ਜਾਣਕਾਰੀ ਅਤੇ ਖ਼ਾਸ ਪ੍ਰੋਗ੍ਰਾਮਾਂ ਜਾਂ ਕੰਮ-ਸਬੰਧੀ ਸੇਵਾਵਾਂ ਬਾਰੇ ਜਾਣਕਾਰੀ ਲਈ, UI ਹੈਂਡਬੁੱਕ A Guide to Benefits and Employment Services, DE 1275A (ਲਾਭ ਅਤੇ ਰੁਜ਼ਗਾਰ ਸੇਵਾਵਾਂ ਲਈ ਗਾਈਡ) ਪੜ੍ਹੋ। ਤੁਸੀਂ **www.edd.ca.gov/forms** 'ਤੇ ਜਾ ਕੇ ਹੈਂਡਬੁੱਕ ਵੇਖ ਸਕਦੇ ਹੋ ਜਾਂ ਉਸਦਾ ਔਨਲਾਈਨ ਆੱਡਰ ਦੇ ਸਕਦੇ ਹੋ । ਖੋਜ ਮਾਪਦੰਡ "Keyword(s) or Form Number," (ਕੀਵਰਡ ਜਾਂ ਫਾਰਮ ਸੰਖਿਆ) ਦੀ ਚੋਣ ਕਰੋ, ਫਾਰਮ ਲੋਕੇਟਰ ਬਕਸੇ ਵਿੱਚ ਫਾਰਮ ਸੰਖਿਆ "DE 1275A" ਦਾਖਲ ਕਰੋ, ਅਤੇ "Search" (ਖੋਜ) ਬਟਨ ਦੀ ਚੋਣ ਕਰੋ।

### EDD ਨਾਲ ਸੰਪਰਕ ਕਰੋ

ਜੇਕਰ ਤੁਹਾਡਾ ਅਜਿਹਾ ਕੋਈ ਸਵਾਲ ਹੈ ਸਾਡੀ EDD ਵੈੱਬਸਾਈਟ 'ਤੇ ਜਿਸਦਾ ਜਵਾਬ ਨਹੀਂ ਹੈ ਅਤੇ ਤੁਹਾਨੂੰ ਵਾਧੂ ਜਾਣਕਾਰੀ ਜਾਂ ਸਹਾਇਤਾ ਦੀ ਲੋੜ ਹੈ, ਤਾਂ UI Online℠ ਦੀ ਵਰਤੋਂ ਕਰੋ। UI Online℠ ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਉਪਲਬਧ ਹੈ। ਇਹ ਸਵਾਲ ਪੁੱਛਣ ਅਤੇ ਜਾਣਕਾਰੀ ਹਾਸਲ ਕਰਨ ਦਾ ਸੁਰੱਖਿਅਤ ਨਿ ਅਤੇ ਗੁਪਤ ਤਰੀਕਾ ਹੈ। ਔਨਲਾਈਨ ਸੁਨੇਹਾ ਦੇਣ ਲਈ **www.edd.ca.gov/UI_Online** 'ਤੇ ਜਾਓ ਅਤੇ UI Online℠ ਲਈ ਪੰਜੀਕਰਨ ਕਰੋ।

# ਕੈਲੀਫ਼ੋਰਨੀਆ ਸਟੇਟ

## ਲੇਬਰ ਐਂਡ ਵਰਕਫੋਰਸ ਡਿਵੈਲਪਮੈਂਟ ਏਜੰਸੀ

## ਇੰਪਲੋਇਮੈਂਟ ਡਿਵੈਲਪਮੈਂਟ ਡਿਪਾਰਟਮੈਂਟ

**UI ਸਵੈ-ਸੇਵਾ ਫ਼ੋਨ ਲਾਈਨ**
*ਦਿਨ ਦੇ 24 ਘੰਟੇ,*
*ਹਫਤੇ ਦੇ 7 ਦਿਨ ਉਪਲਬਧ*
ਅੰਗਰੇਜ਼ੀ ਅਤੇ ਸਪੈਨਿਸ਼
1-866-333-4606

**UI ਗਾਹਕ ਸੇਵਾ**
*ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਦੁਪਹਿਰ 12 ਵਜੇ ਤੱਕ ਉਪਲਬਧ*

| | |
|---|---|
| ਅੰਗਰੇਜ਼ੀ | 1-800-300-5616 |
| ਸਪੈਨਿਸ਼ | 1-800-326-8937 |
| ਕੈਂਟੋਨੀਸ | 1-800-547-3506 |
| ਮੈਂਡਰਿਨ | 1-866-303-0706 |
| ਵਿਅਤਨਾਮੀ | 1-800-547-2058 |
| TTY | 1-800-815-9387 |

EDD ਕੋਲ ਉਹ ਨੁਮਾਇੰਦੇ ਹਨ ਜੋ ਦੂਜੀਆਂ ਭਾਸ਼ਾਵਾਂ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਜੇਕਰ ਤੁਹਾਨੂੰ ਮਦਦ ਦੀ ਲੋੜ ਹੈ ਅਤੇ ਤੁਸੀਂ ਕਿਸੇ EDD ਨੁਮਾਇੰਦੇ ਦੇ ਨਾਲ ਕਿਸੇ ਹੋਰ ਭਾਸ਼ਾ ਵਿਚ ਗੱਲ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਇਕ ਗਾਹਕ ਸੇਵਾ ਨੰਬਰ ਤੇ ਕਾਲ ਕਰੋ ਅਤੇ ਆਪਣੀ ਪਸੰਦੀਦਾ ਭਾਸ਼ਾ ਵਿੱਚ ਦੁਭਾਸ਼ੀਏ ਲਈ ਬੇਨਤੀ ਕਰੋ।

EDD ਸਮਾਨ ਮੌਕੇ ਦੇਣ ਵਾਲਾ ਰੁਜ਼ਗਾਰਦਾਤਾ/ਪ੍ਰੋਗਰਾਮ ਹੈ। ਬੇਨਤੀ ਕਰਨ ਤੇ ਅਮਸਰੱਥ ਲੋਕਾਂ ਲਈ ਵਾਧੂ ਸਹਾਇਤਾ ਅਤੇ ਸੇਵਾਵਾਂ ਉਪਲਬਧ ਹਨ। ਉੱਪਰ ਸੂਚੀਬੱਧ ਕੀਤੇ ਗਏ ਨੰਬਰਾਂ 'ਤੇ ਫ਼ੋਨ ਕਰ ਕੇ ਸੇਵਾਵਾਂ, ਸਹਾਇਤਾਵਾਂ, ਅਤੇ/ਜਾਂ ਵਿਕਪਲਕ ਸਰੂਪਾਂ ਲਈ ਬੇਨਤੀਆਂ ਕਰਨ ਦੀ ਲੋੜ ਹੈ।